Reshmi's Group
INDIAN FOOD DISTRIBUTOR

Haldiram's

## Haldiram's Stuffed Parathas

Indulge in Taste of Traditional Indian Parathas


Haldiram's Paneer Paratha


Haldiram's Paneer Kulcha


Haldiram's Aloo Paratha


Haldiram's Gobi Paratha


Haldiram's Methi Paratha


Haldiram's Mix Veg Paratha

#TASTEOFTRADITION

## Haldiram's Ready to Eat Currie's


Haldiram's



Haldiram's Rajma Raseela


Haldiram's Dal Makhani

Ready to Eat
Minute Khana
Just Heat & Eat.


Haldiram's Dilli Style Choley


Haldiram's Kadhi Pakoda


Haldiram's Pao Bhaji

WWW.RESHMISGROUP.COM

AVAILABLE AT THESE FINE RETAILERS & MOST INDIAN AND PAKISTANI GROCERY STORES

DK MARKET · Super Saver Foods · Saagar International Foods · Apna Frooticana · Apna Bazar

HALDIRAM'S PARATHA'S & CURRIES NOW AVAILABLE AT:

QFC Quality Food Centers
BELLEVUE,REDMOND STORES.

**For Wholesale Order at :**
1120 Andover Park E,Tukwila, WA 98188,T: (206) 575-0050,E: sales@reshmisgroup.com.


RINGS
CHAINS
WATCHES
MANGALSUTRAS
JHUMKAS & TIKAS
BABY JEWELRY
BRACELETS,
BANGLES
KADAS
CASH FOR GOLD
TRADE YOUR OLD GOLD FOR NEW JEWELRY
ਸੋਨੇ ਬਦਲੇ ਡਾਲਰ ਲਉ
ਸਾਡੀਆਂ ਕੀਮਤਾਂ ਬਹੁਤ ਘੱਟ ਹਨ
TAJ JEWELERS
ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ
UNIQUELY DESIGNED 22KT GOLD JEWELRY
WE SELL FOR LESS
JEWELLERY
ਤਾਜ਼ ਜਿਊਲਰਜ਼
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
BETTER PRICE IF YOU ARE BUYING MORE THAN 150gm
Ph:253-981-3071
10120 SE 260th St. Suite 110-111, Kent, WA 98030
Open: 7 Days Tuesday to Saturday 11am to 7pm, Sun&Mon 12pm to 6pm ਅਸੀਂ ਹਫਤੇ ਦੇ ਸੱਤੇ ਦਿਨ ਖੁੱਲ੍ਹਦੇ ਹਾਂ

# ਅਮਰੀਕਾ ਵਿਚ ਐੱਚ-1ਬੀ ਵੀਜ਼ੇ ਲਈ ਅਰਜ਼ੀ ਪ੍ਰਕਿਰਿਆ 6 ਮਾਰਚ ਤੋਂ ਹੋਵੇਗੀ ਸ਼ੁਰੂ

ਅਮਰੀਕਾ ਨੇ ਲਾਟਰੀ ਰਾਹੀਂ ਐੱਚ-1ਬੀ ਵੀਜ਼ਾ ਲਈ ਚੋਣ ਪ੍ਰਕਿਰਿਆ ਵਿਚ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ ਅਤੇ ਇਸ ਦੇ ਨਾਲ ਹੀ ਵਿੱਤੀ ਸਾਲ 2025 ਲਈ ਵੀਜ਼ਾ ਅਰਜ਼ੀਆਂ ਜਮ੍ਹਾ ਕਰਵਾਉਣ ਦੀ ਪ੍ਰਕਿਰਿਆ 6 ਮਾਰਚ ਤੋਂ ਸ਼ੁਰੂ ਹੋ ਜਾਵੇਗੀ। ਅਮਰੀਕੀ ਸੰਘੀ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ, ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ।

Sky Tours & Travels
Let us Take You Home



ਇੰਡੀਆ ਜਾਂ ਕਿਤੇ ਵੀ ਜਾਣ ਲਈ ਸਸਤੀਆਂ
ਟਿਕਟਾਂ ਖਰੀਦਣ ਲਈ ਸਾਨੂੰ ਅੱਜ ਹੀ ਸੰਪਰਕ ਕਰੋ

Contact Us For Indian OCI CARD
and Indian Passport related Services

For more info call :
Neeraj Anand
(+1) 425-492-5909
Anandnick6@gmail.com

Seattle
Washington

Emergency Travel Service Available 24/7

24Hrs Cuisine of India
2 Locations to Serves You
12336 Lake City Way NE, Seattle WA | 930 SE Pioneer Way Oak Harbor WA
PH:206-708-1741, 206-708-1792
www.24hrscuisineofIndia.com, www.247GourmetPizza.com

24 hrs open Cuisine of India
24/7 Gourmet Pizza
For Pizza & Desi Wraps along
with Indian Cuisine




Kohinoor
1601 Dexter Ave N Suite 112,
Seattle Wa 98109
Phone:206-452-0103

Buffet and Catering
Amritsar Tadkas
506 12 Ave S Seattle Wa 98144
Phone 206-508-3004

ਬਿਜਨਸ, ਕਮਰਸ਼ੀਅਲ ਅਤੇ ਡਿਵੈਲਪਮੈਂਟ ਲੈਂਡ, ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
ਟਰੱਕ ਸਟਾਪ ਡਿਵੈਲਪਮੈਂਟ ਸਾਈਟ ਉਪਲਬਧ ਹੈ
Truck Park, Retail, Restaurant, Gas & Mart Sites
17 years experience in Commercial and Residential real estate brokerage
Assisting in precuring loans for Land and business investments
Truck Parking Site Available
FEEL FREE TO CALL FOR CONSULTING

Gurinderjit S Purewal, MBA
Real Estate Broker
Skyline Properties Inc
50 116 Ave SE Suite 120 Bellevue Wa 98004
Ph: 206-548-9999
Direct 2067940484 Fax 2066531983
Email: GaryPurewal@icloud.com



Complete Dental Care

New & Emergency Patients Welcome

-Family & Cosmetic Dentistry
-Root Canals, Wisdom Teeth Removal,
Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ
ਇਲਾਜ਼ ਕਰਵਾਉਣ
ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA

# AUBURN'S MAIN SUPERMARKET

## INDIAN GROCERY-LIQUOR/WINE

1119E Main St. Auburn, WA 98002

Store hours: Mon-Sat: 8:00 AM - 9:00 PM Sun: 8:00 AM - 8:00 PM

**Lowest Prices in Town** WIDE VARIETY OF THE FROZEN FOOD

**When you spend $100 or more,get 10% discount**

| Punjabi | Item | Price | Unit |
|---|---|---|---|
| ਗੋਭੀ | Cauliflower | $3.49 | /Lb |
| ਬੰਦ ਗੋਭੀ | Cabbage | $2.99 | /Lb |
| ਭਿੰਡੀ | Okra | $3.99 | /Lb |
| ਸ਼ਲਗਮ | Shaljum | $1.89 | /Lb |
| ਕਰੇਲਾ | Karela | $1.99 | /Lb |
| ਮੂਲੀ | Muli | $1.49 | /Lb |
| ਇੰਡੀਅਨ ਗਾਜਰਾਂ | Indian Carrots | $2.99 | /Lb |
| ਟਮਾਟਰ | Tomato | $1.29 | /Lb |
| ਧਨੀਆ | Cilantro | $.69 | Each |
| ਮੇਥੀ | Methi | $2.29 | Each |
| ਪੁਦੀਨਾ | Mint | $1.29 | /Lb |
| ਅਦਰਕ | Ginger | $2.99 | /Lb |
| ਸੇਬ | Apple | $1.49 | /Lb |
| ਸਰੋਂ | Mustard | $2.99 | Each |
| ਮੂੰਗਫਲੀ | Peanut | $2.29 | /Lb |
| ਰੀਅਲ ਜੂਸ | Real Juice | $2.99 | Each |
| ਗੋਪੀ ਮੈਂਗੋ ਲੱਸੀ | Gopi Mango Lassi | $2.99 | 16oz |
| ਅਮੂਲ ਬਟਰ | Amul Butter | $9.99 | 500gm |
| ਫਰੈੱਸ਼ ਪਨੀਰ | Fresh Paneer | $5.99 | /Lb |
| ਨਾਨਕ ਦੇਸੀ ਘਿਓ | Nanak Desi Ghee | $26.99 | Each |
| ਧਨਰਾਜ ਮੱਕੀ ਦਾ ਆਟਾ | Dhanraj Makki Da Atta | $14.99 | 10 lb Bag |
| ਕਿਲਾ ਬਾਸਮਤੀ ਚੌਲ | Quila Basmati Rice | $49.99 | 40Lb |
| ਸੁਜਾਤਾ ਮਲਟੀਗਰੇਨ ਆਟਾ | Sujata Multigrain Atta | $34.99 | 20Lb |
| ਗੋਲਡਨ ਟੈਂਪਲ ਆਟਾ | Golden Temple Atta | $24.99 | 20Lb |

# Ph:253-205-9981


www.auburnsmainsupermarket.com

# ਸ਼੍ਰੋਮਣੀ ਕਮੇਟੀ ਚੋਣਾਂ ਲਈ 15 ਲੱਖ ਵੋਟਰ ਹੋਏ ਰਜਿਸਟਰਡ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਆਮ ਚੋਣਾਂ ਲਈ 30 ਜਨਵਰੀ ਤੱਕ 15 ਲੱਖ ਤੋਂ ਵੱਧ ਵੋਟਰ ਰਜਿਸਟਰ ਹੋ ਚੁੱਕੇ ਹਨ, ਜੋ ਕਿ 2011 ਵਿੱਚ ਰਜਿਸਟਰਡ 51 ਲੱਖ ਵੋਟਰਾਂ ਦਾ ਲਗਭਗ 30 ਪ੍ਰਤੀਸ਼ਤ ਹੈ। ਦੀ ਟ੍ਰਿਬਿਊਨ ਦੀ ਇੱਕ ਰਿਪੋਰਟ ਮੁਤਾਬਕ ਅੱਜ ਡਿਪਟੀ ਕਮਿਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਖ਼ਰੀ ਤਰੀਕ 29 ਫਰਵਰੀ ਤੱਕ ਵੱਧ ਤੋਂ ਵੱਧ ਵੋਟਰਾਂ ਦਾ ਨਾਮ ਦਰਜ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ। ਦਸ ਦਈਏ ਕਿ ਇਸ ਤੋਂ ਪਹਿਲਾਂ ਵੋਟਰਾਂ ਦੀ ਰਜਿਸਟ?ਰੇਸ਼ਨ ਮਿਤੀ 21 ਅਕਤੂਬਰ ਤੋਂ 15 ਨਵੰਬਰ 2023 ਤੱਕ ਸੀ। ਜਿਸ ਨੂੰ ਬਾਅਦ ਵਿਚ ਵਾਧਾ ਕੇ 29 ਫਰਵਰੀ ਕਰ ਦਿੱਤਾ ਗਿਆ। ਗੁਰਦੁਆਰਾ ਚੋਣ ਕਮਿਸ਼ਨ ਨੇ ਐਲਾਨ ਕੀਤਾ ਹੈ ਕਿ 2024 ਦੀਆਂ ਆਮ ਚੋਣਾਂ ਤੋਂ ਬਾਅਦ ਹੀ ਸ਼?ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਆਖ਼ਰੀ ਵਾਰ 2011 ਵਿੱਚ ਐਸਜੀਪੀਸੀ ਚੋਣਾਂ ਹੋਈਆਂ ਸਨ। ਉਸ ਵੇਲੇ ਸਹਿਜਧਾਰੀ ਸਿੱਖਾਂ (ਜਿਨ੍ਹਾਂ ਕੇਸ਼ ਨਹੀਂ ਧਾਰੇ ਹੋਣ) ਨੂੰ ਵੋਟ ਪਾਉਣ ਦੇ ਅਧਿਕਾਰ ਨੂੰ ਲੈ ਕੇ ਇੱਕ ਮੁਕੱਦਮਾ ਚੱਲਿਆ ਸੀ। ਜਿਸ ਮਗਰੋਂ ਸਾਲ 2016 ਵਿੱਚ ਇੱਕ ਫੈਸਲੇ ਤੋਂ ਬਾਅਦ ਚੁਣੇ ਗਏ ਮੈਂਬਰਾਂ ਨੇ ਆਪਣਾ ਕਾਰਜਕਾਲ ਸ਼ੁਰੂ ਕੀਤਾ ਜੋ 2022 ਵਿੱਚ ਖਤਮ ਹੋਇਆ। ਵੋਟਰਾਂ ਦੀ ਰਜਿਸਟ?ਰੇਸ਼ਨ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ 1959 ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਡਿਪਟੀ ਕਮਿਸ਼ਨਰਾਂ ਨੂੰ 21 ਮਾਰਚ ਤੱਕ ਮੁਢਲੀ ਸੂਚੀਆਂ ਦੀ ਤਿਆਰੀ ਪੂਰੀ ਕਰਨ ਦੀ ਉਮੀਦ ਹੈ। 11 ਅਪ੍ਰੈਲ ਤੱਕ ਇਤਰਾਜ਼ ਦਰਜ ਕੀਤੇ ਜਾ ਸਕਦੇ ਹਨ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 3 ਮਈ ਹੋਵੇਗੀ। ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੈ। ਸ਼ਰੋਮਣੀ ਕਮੇਟੀ ਵਿੱਚ ਇਸ ਵੇਲੇ 191 ਮੈਂਬਰ ਹਨ, ਜਿਨ੍ਹਾਂ ਵਿੱਚੋਂ 171 ਚੁਣੇ ਗਏ ਹਨ। ਦੇਸ਼ ਭਰ ਵਿੱਚੋਂ 15 ਮੈਂਬਰ ਨਾਮਜ਼ਦ ਕੀਤੇ ਗਏ ਹਨ ਅਤੇ ਬਾਕੀ ਪੰਜ ਤਖ਼ਤਾਂ ਦੇ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਹਨ।







DAY TO DAY
GROCERY & PRODUCE
www.daytoday.ca
BLOWOUT SALE
FEB 2 ND TO 8 TH
HAR DIN FRESH
SUPERDEAL
buyBC
CAULIFLOWER JUMBO
$1 99 ea
SUPERDEAL
buyBC
INDIAN RED CARROTS
$1 99 lb
SUPERDEAL
buyBC
ONION YELLOW MEDIUM 50LB GRADE 1
$14 99 ea
SUPERDEAL
buyBC
RED ONION 10LB
$9 99 ea
SUPERDEAL
buyBC
LIMIT 6 BUNCH
CILANTRO
79¢ EA
2 for 99¢
SUPERDEAL
buyBC
TURNIP PURPLE
$1 49 lb
SUPERDEAL
buyBC
LIMIT 5 BUNCH
SPINACH
$1 49 ea
SUPERDEAL
buyBC
LONG OPO
$1 29 lb
SUPERDEAL
buyBC
GINGER
$1 89 lb
SUPERDEAL
buyBC
GALA / AMBROSIA / PINK LADY
99¢ lb
SUPERDEAL
buyBC
RED DELICIOUS/ FUJI APPLES/ HONEY CRISP
79¢ lb
SUPERDEAL
buyBC
MANDARIN LOKAN HONEY
$1 29 lb
SUPERDEAL
buyBC
WATERMELON MINI
$1 79 ea
INDIAN KARELA
$2 49 lb
buyBC
POTATOES BC 10LB
$2 49 ea
buyBC
ONION YELLOW 3 LB
$2 49 ea
buyBC
JUMBO CARROT/ CABBAGE GREEN USA
89¢ lb
buyBC
RAPINI
$2 89 ea
buyBC
JUMBO ORANGE
99¢ lb
buyBC
AMBROSIA/ GALA APPLE 3LB BAG
$3 49 ea
AASHIRWAD AATA 10KG
$16 99 ea
WAGH BAKRI 1KG BAG
$12 99 ea
LYALLPUR ATTA COOKIES 2.5KG
$18 99 ea
GURUJI
BASMATI RICE SELECT 10LB
$10 99 ea
FRESH STOCK
GURUJI
DRY FRUIT GUR 1KG
$6 99 ea
HOT DEAL
1+1 FREE
THAKAR RUSK 600 G
$4 99 ea
SWAL CANOLA OIL 3 L
$9 99 ea
HAPPY DAIRY PANEER 300 G
$4 49 ea
604 503 6704
11961 82 Avenue, Delt
#104, 7843-128 Street, Surrey BC
7 days a week | Store hours: 9am - 9pm
daytodaywholesale
daytodaygroceryproduce
daytodaycashcarry


Flyus
travels
Travel The World With
'Flyus Travels'
BOOK NOW ONLINE
LOWEST PRICE GUARANTEE
on International Flights
BOOK NOW
Lowest Price
Guaranteed
Quick
Flight Booking
Affordable
Hotel Rooms
100% Privacy
& security
FREE 24/7
Customer Support
Book Deals For Seasonal Trips
Get Coupon of
$25 on Domestic and $50 on International Trips.
(800) 691-3999
Website -www.flyustravels.com

# ਜੇ ਸਮਝੌਤਾ ਸਿਰੇ ਨਾ ਚੜ੍ਹਿਆ ਤਾਂ ਮੈਟਰੋ ਟਰਾਂਜ਼ਿਟ ਸੇਵਾਵਾਂ 72 ਘੰਟੇ ਲਈ ਕਰਾਂਗੇ ਬੰਦ:ਯੂਨੀਅਨ

ਸਰੀ:ਟ੍ਰਾਂਜ਼ਿਟ ਸੁਪਰਵਾਈਜ਼ਰਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਚੇਤਾਵਨੀ ਦੇ ਰਹੀ ਹੈ ਜੇਕਰ 3 ਫਰਵਰੀ ਤੱਕ ਜੇਕਰ ਕੋਈ ਸਮਝੌਤਾ ਸਿਰੇ ਨਾ ਚੜ੍ਹਿਆ ਤਾਂ ਯੂਨੀਅਨ ਦੇ ਮੈਂਬਰ ਮੈਟਰੋ ਟਰਾਂਜ਼ਿਟ ਦੀਆਂ ਸੇਵਾਵਾਂ ਨੂੰ 72 ਘੰਟੇ ਲਈ ਪੂਰੀ ਤਰ੍ਹਾਂ ਬੰਦ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਤਿੰਨ ਦਿਨਾਂ ਲਈ ਸਾਰੀਆਂ ਬੱਸਾਂ, ਸੀਬੱਸ, ਅਤੇ ਸਾਰੀਆਂ ਸਕਾਈ ਟਰੇਨ ਲਾਈਨਾਂ ਨੂੰ ਬੰਦ ਕਰਕੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਗੇ।

ਸੀ.ਯੂ.ਪੀ.ਈ. 4500 ਨੇ ਇੱਕ ਬਿਆਨ ਵਿੱਚ ਕਿਹਾ ਕਿ ਵਿਚੋਗਲੀ ਲਈ ਵਿੰਸ ਰੈਡੀ ਦੀ ਨਿਯੁਕਤੀ ਦਾ ਸੁਆਗਤ ਹੈ, ਪਰ ਜੇਕਰ 3 ਫਰਵਰੀ ਨੂੰ 12:01 ਵਜੇ ਤੱਕ ਲਗਭਗ 180 ਸੁਪਰਵਾਈਜ਼ਰਾਂ ਲਈ ਨਵਾਂ ਇਕਰਾਰਨਾਮੇ 'ਤੇ ਕੋਈ ਸੌਦਾ ਨਹੀਂ ਹੁੰਦਾ, ਤਾਂ ਉਹ ਤਿੰਨ ਦਿਨਾਂ ਲਈ ਸੇਵਾਵਾਂ ਠੱਪ ਕਰ ਦੇਣਗੇ।

ਕਿਰਤ ਮੰਤਰੀ ਹੈਰੀ ਬੈਂਸ ਨੇ ਬੁੱਧਵਾਰ ਨੂੰ ਕਿਹਾ ਕਿ ਰੈਡੀ, ਜੋ ਇੱਕ ਅਨੁਭਵੀ ਵਿਅਕਤੀ ਹਨ, ਵੀਰਵਾਰ ਤੋਂ ਛੇ ਦਿਨਾਂ ਤੱਕ ਦੋ ਧਿਰਾਂ ਨਾਲ ਵਿਚੋਗਲੀ ਦਾ ਕੰਮ ਕਰਨਗੇ ਅਤੇ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਹੈਰੀ ਬੈਂਸ ਨੇ ਕਿਹਾ ਜੇਕਰ ਉਦੋਂ ਤੱਕ ਕੋਈ ਸਮਝੌਤਾ ਨਹੀਂ ਹੁੰਦਾ ਹੈ, ਤਾਂ ਰੈਡੀ ਗੈਰ-ਬਾਈਡਿੰਗ ਸਿਫਾਰਿਸ਼ਾਂ ਜਾਰੀ ਕਰੇਗਾ ਅਤੇ ਦੋਵਾਂ ਧਿਰਾਂ ਕੋਲ ਮਤੇ ਨੂੰ ਸਵੀਕਾਰ ਜਾਂ ਰੱਦ ਕਰਨ ਲਈ ਪੰਜ ਦਿਨ ਹੋਣਗੇ। ਜ਼ਿਕਰਯੋਗ ਹੈ ਕਿ ਸੋਮਵਾਰ ਅਤੇ ਮੰਗਲਵਾਰ ਕੀਤੀ ਗਈ ਹੜ੍ਹਤਾਲ ਕਾਰਨ ਹਜ਼ਾਰਾਂ ਯਾਤਰੀ ਨੂੰ ਪ੍ਰਭਾਵਿਤ ਹੋਏ ਸਨ, ਕਿਉਂਕਿ ਕੋਸਟ ਮਾਉਂਟੇਨ ਸਾਰੀਆਂ ਮੈਟਰੋ ਵੈਨਕੂਵਰ ਬੱਸ ਸੇਵਾਵਾਂ ਦਾ 96 ਪ੍ਰਤੀਸ਼ਤ ਹਿੱਸਾ ਹੈ।

ਬੱਸ ਅਤੇ ਸੀਬੱਸ ਡਰਾਈਵਰ ਇੱਕ ਵੱਖਰੀ ਯੂਨੀਅਨ ਨਾਲ ਸਬੰਧਤ ਹਨ ਪਰ ਮੈਂਬਰਾਂ ਨੇ ਸੁਪਰਵਾਈਜ਼ਰਾਂ ਨੂੰ ਸਮੱਰਥਨ ਦਿੰਦੇ ਹੋਏ ਸੇਵਾਵਾਂ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਯੂਨੀਅਨ 25-ਫੀਸਦੀ ਤਨਖਾਹ ਵਾਧੇ ਦੀ ਮੰਗ ਕਰ ਰਹੀ ਹੈ।





## ਕੈਲੀਫੋਰਨੀਆ ਵਿਚ ਹੋਈਆਂ 6 ਹੱਤਿਆਵਾਂ ਦੇ ਮਾਮਲੇ ਵਿਚ ਸ਼ੱਕੀ ਵਿਅਕਤੀ ਗ੍ਰਿਫਤਾਰ

ਸੈਕਰਾਮੈਂਟੋ- ਪਿਛਲੇ ਹਫਤੇ ਦੱਖਣੀ ਕੈਲੀਫੋਰਨੀਆ ਦੇ ਰੇਗਿਸਤਾਨੀ ਖੇਤਰ ਐਲ ਮੀਰਾਜ ਵਿਚ ਹੋਈਆਂ 6 ਹੱਤਿਆਵਾਂ ਦੇ ਮਾਮਲੇ ਵਿਚ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਖਬਰ ਹੈ। ਸੈਨ ਬਰਨਾਰਡੀਨੋ ਕਾਉਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਮਾਰਾ ਰੌਡਰਿਗਜ ਨੇ ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਸ਼ੈਰਿਫ ਦਫਤਰ ਨੇ ਗ੍ਰਿਫਤਾਰ ਵਿਅਕਤੀਆਂ ਦੀ ਗਿਣਤੀ ਨਹੀਂ ਦਸੀ ਹੈ ਤੇ ਨਾ ਹੀ ਮ੍ਰਿਤਕਾਂ ਦੇ ਨਾਂ ਜਾਰੀ ਕੀਤੇ ਹਨ। ਕੇਵਲ ਏਨਾ ਕਿਹਾ ਹੈ ਕਿ ਇਸ ਸਬੰਧੀ ਛੇਤੀ ਪ੍ਰੈਸ ਕਾਨਫਰੰਸ ਸੱਦੀ ਜਾਵੇਗੀ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਐਲ ਮਿਰਾਜ ਦੇ ਦੂਰ ਦਰਾਜ ਦੇ ਖੇਤਰ ਵਿਚ ਪੁੱਜੇ ਤਾਂ ਮੌਕੇ ਦਾ ਦ੍ਰਿਸ਼ ਦਿਲ ਦਹਿਲਾ ਦੇਣ ਵਾਲਾ ਸੀ।

## ਅਮਰੀਕੀ ਯੁਨੀਵਰਸਿਟੀ ਵਿਚ ਲਾਪਤਾ ਹੋਏ ਵਿਦਿਆਰਥੀ ਦੀ ਮਿਲੀ ਲਾਸ਼

ਸੈਕਰਾਮੈਂਟੋ- ਅਮਰੀਕਾ ਵਿਚ ਪੁਰਡਿਊ ਯੁਨੀਵਰਸਿਟੀ (ਇੰਡਿਆਨਾ) ਵਿਚ ਪੜਦੇ ਭਾਰਤੀ ਮੂਲ ਦੇ ਵਿਦਿਆਰਥੀ ਨੀਲ ਅਚਾਰੀਆ ਦੀ ਕੈਂਪਸ ਵਿਚੋਂ ਲਾਸ਼ ਮਿਲਣ ਦੀ ਖਬਰ ਹੈ। ਟਿਪਕੈਨੋ ਕਾਉਂਟੀ ਕੋਰੋਨਰ ਦਫਤਰ ਅਨੁਸਾਰ ਵੈਸਟ ਲਫੇਟ ਵਿਚ 500 ਐਲੀਸਨ ਰੋਡ 'ਤੇ ਕਿਸੇ ਵਿਅਕਤੀ ਦੀ ਸੰਭਾਵੀ ਲਾਸ਼ ਪਈ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਪੁਲਿਸ ਨੂੰ ਯੁਨੀਵਰਸਿਟੀ ਦੇ ਕੈਂਪਸ ਵਿਚ ਮਾਈਰਾਈਸ ਜੇ ਜ਼ਕਰੌਅ ਲੈਬਾਰਟਰੀਜ ਦੇ ਬਾਹਰਵਾਰ ਇਕ ਵਿਦਿਆਰਥੀ ਦੀ ਲਾਸ਼ ਬਰਾਮਦ ਹੋਈ ਜਿਸ ਦੀ ਪਛਾਣ ਨੀਲ ਅਚਾਰੀਆ ਵਜੋਂ ਹੋਈ ਹੈ। ਯੁਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਕ੍ਰਿਸ ਕਲਿਫਟਨ ਨੇ ਕਿਹਾ ਹੈ ਕਿ ਉਸ ਨੂੰ ਡੀਨ ਦੇ ਦਫਤਰ ਤੋਂ ਇਕ ਮਿਲੀ ਈ ਮੇਲ ਵਿਚ ਅਚਾਰੀਆ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਅਚਾਰੀਆ ਦੀ ਮਾਂ ਗੌਰੀ ਅਚਾਰੀਆ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਨੂੰ ਆਖਰੀ ਵਾਰ ਉਬੇਰ ਟੈਕਸੀ ਦੇ ਇਕ ਡਰਾਈਵਰ ਨੇ ਵੇਖਿਆ ਸੀ ਜਿਸ ਨੇ ਉਸ ਨੂੰ ਪੁਰਡਿਊ ਯੁਨੀਵਰਸਿਟੀ ਵਿਖੇ ਛੱਡਿਆ ਸੀ। ਉਹ 28 ਜਨਵਰੀ ਤੋਂ ਲਾਪਤਾ ਸੀ। ਕੌਂਸਲੇਟ ਜਨਰਲ ਆਫ ਇੰਡੀਆ ਸ਼ਿਕਾਗੋ ਨੇ ਕਿਹਾ ਹੈ ਕਿ ਉਹ ਪੁਰਡਿਊ ਯੁਨੀਵਰਸਿਟੀ ਅਧਿਕਾਰੀਆਂ ਦੇ ਸੰਪਰਕ ਵਿਚ ਹਨ ਤੇ ਪਰਿਵਾਰ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

The housing market is getting better for buyers across the country.



Get your investment done in rapid changing Real Estate Market
Your real estate needs for buying, selling, houses or commercial real estate, apartments, grocery stores, gas stations or storage houses.

agencyone
Real Estate Professional
AMRIK KAMOH
MBA
206.510.3611

Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

Looking to Buy or Sell a Residential or Commercial Property

Need Help ? Call US

Windermere REAL ESTATE



GURBINDER DHALIWAL
REAL ESTATE BROKER
Cell:425-314-2111
Email:garyd@windermere.com

garydhaliwal.withwre.com, m.sangha.withwre.com
801 State Ave, Marrysville, Wa 98270

MANDEEP SANGHA
REAL ESTATE BROKER
Cell:425-210-8985
Email:m.sangha@windermere.com

# ਮਸਕ ਦੀ ਕੰਪਨੀ ਨਿਊਰੋਲਿੰਕ ਨੇ ਪਹਿਲੀ ਵਾਰ ਇਨਸਾਨੀ ਦਿਮਾਗ 'ਚ ਲਗਾਈ ਚਿੱਪ

ਵਾਸ਼ਿੰਗਟਨ- ਦੁਨੀਆਂ ਦੇ ਸਭ ਤੋਂ ਅਮੀਰ ਕਾਰੋਬਾਰੀਆਂ ਵਿਚ ਸ਼ਾਮਲ ਐਲਨ ਮਸਕ ਦੀ ਕੰਪਨੀ ਨਿਊਰਾਲਿੰਕ ਨੇ ਇਨਸਾਨ ਵਿਚ ਬ੍ਰੇਨ ਚਿੱਪ ਲਗਾਉਣ ਦਾ ਦਾਅਵਾ ਕੀਤਾ ਹੈ। ਕੰਪਨੀ ਨੇ ਕਿਹਾ ਕਿ ਪਹਿਲੇ ਮਨੁੱਖੀ ਰੋਗੀ ਨੂੰ ਬ੍ਰੇਨ ਚਿੱਪ ਇਲਾਜ ਦਿੱਤਾ ਗਿਆ ਜੋ ਕਿ ਸਫਲ ਰਿਹਾ ਤੇ ਮਰੀਜ਼ ਤੇਜ਼ੀ ਨਾਲ ਠੀਕ ਹੋ ਰਿਹਾ ਹੈ। ਐਲਨ ਮਸਕ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼ੁਰੂਆਤੀ ਨਤੀਜੇ ਉਤਸ਼ਾਹ ਵਧਾਉਣ ਵਾਲੇ ਹਨ ਤੇ ਇਹ ਨਿਊਰਾਨ ਸਪਾਈਕ ਦਾ ਪਤਾ ਲਾਉਣ ਦੀ ਉਮੀਦ ਜਗਾਉਂਦੇ ਦਿਖਦੇ ਹਨ। ਮਸਕ ਨੇ ਕਿਹਾ ਕਿ ਨਿਊਰਾਲਿੰਕ ਦੇ ਪਹਿਲੇ ਪ੍ਰੋਡਕਟ ਨੂੰ ਟੈਲੀਪੈਥੀ ਕਿਹਾ ਜਾਵੇਗਾ। ਕੰਪਨੀ ਨੇ ਕਿਹਾ ਕਿ ਉਸ ਦਾ ਮਕਸਦ ਨਿਊਰੋਲਾਜਿਕਲ ਵਿਕਾਰ ਨਾਲ ਪੀੜਤ ਲੋਕਾਂ ਦੇ ਜੀਵਨ ਨੂੰ ਆਸਾਨ ਬਣਾਉਣਾ ਹੈ।



ਮਸਕ ਨੇ 2016 'ਚ ਨਿਊਰੋਟੈਕਨਾਲੋਜੀ ਕੰਪਨੀ ਨਿਊਰਾਲਿੰਕ ਸਟਾਰਟਅੱਪ ਸ਼ੁਰੂ ਕੀਤੀ ਸੀ, ਜੋ ਦਿਮਾਗ ਤੇ ਕੰਪਿਊਟਰ ਦੇ ਵਿਚ ਸਿੱਧੇ ਸੰਚਾਰ ਚੈਨਲ ਬਣਾਉਣ 'ਤੇ ਕੰਮ ਕਰ ਰਹੀ ਹੈ। ਕੰਪਨੀ ਨੇ ਇਕ ਅਜਿਹੀ ਚਿੱਪ ਬਣਾਈ ਹੈ, ਜਿਸ ਨੂੰ ਸਰਜਰੀ ਜ਼ਰੀਏ ਇਨਸਾਨੀ ਦਿਮਾਗ ਦੇ ਅੰਦਰ ਪਾਇਆ ਜਾਵੇਗਾ। ਇਹ ਇਕ ਤਰ੍ਹਾਂ ਤੋਂ ਇਨਸਾਨ ਦੇ ਦਿਮਾਗ ਦੀ ਤਰ੍ਹਾਂ ਕੰਮ ਕਰੇਗੀ। ਇਸ ਦਾ ਇਸਤੇਮਾਲ ਦਿਮਾਗ ਤੇ ਨਰਵਸ ਸਿਸਟਮ ਦੇ ਡਿਸਆਰਡਰ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਕੀਤਾ ਜਾ ਸਕੇਗਾ। ਆਸਾਨ ਸ਼ਬਦਾਂ ਵਿਚ ਕਹਿ ਸਕਦੇ ਹੋ ਕਿ ਜਿਸ ਤਰ੍ਹਾਂ ਤੋਂ ਸਰੀਰ ਦੇ ਕਈ ਦੂਜੇ ਅੰਗਾਂ ਦੇ ਕੰਮ ਬੰਦ ਕਰ ਦੇਣ 'ਤੇ ਉਨ੍ਹਾਂ ਦਾ ਟਰਾਂਸਪਲਾਂਟ ਹੁੰਦਾ ਹੈ, ਇਹ ਇਕ ਹੱਦ ਤੱਕ ਉਸੇ ਤਰ੍ਹਾਂ ਤੋਂ ਦਿਮਾਗ ਦਾ ਟ੍ਰਾਂਸਪਲਾਂਟ ਹੈ।

ਨਿਊਰਾਲਿੰਕ ਨੂੰ ਬੀਤੇ ਸਾਲ ਅਮਰੀਕੀ ਫੂਡ ਐਂਡ ਡਰੱਗ ਐਡਮਿਨੀਸਟ੍ਰੇਸ਼ਨ ਨਾਲ ਇਨਸਾਨ ਦੇ ਦਿਮਾਗ ਟਰਾਂਸਪਲਾਂਟ ਦਾ ਪ੍ਰੀਖਣ ਕਰਨ ਦੀ ਮਨਜ਼ੂਰੀ ਮਿਲੀ ਸੀ। ਨਿਊਰਾਲਿੰਕ ਆਪਣੇ ਮਾਈਕ੍ਰੋਚਿਪਸ ਦਾ ਇਸਤੇਮਾਲ ਅਧਰੰਗ ਅਤੇ ਅੰਨ੍ਹੇਪਣ ਵਰਗੀਆਂ ਸਥਿਤੀਆਂ ਦਾ ਇਲਾਜ ਕਰਨ ਅਤੇ ਕੁਝ ਅਸਮਰੱਥਤਾਵਾਂ ਵਾਲੇ ਲੋਕਾਂ ਦੀ ਕੰਪਿਊਟਰ ਅਤੇ ਮੋਬਾਈਲ ਤਕਨਾਲੋਜੀ ਦੀ ਵਰਤੋਂ ਕਰਨ ਵਿਚ ਮਦਦ ਕਰਨ ਬਾਰੇ ਗੱਲ ਕਰਦਾ ਹੈ। ਇਨਸਾਨਾਂ ਤੋਂ ਪਹਿਲਾਂ ਇਨ੍ਹਾਂ ਚਿਪਸ ਦਾ ਪ੍ਰੀਖਣ ਬੰਦਰਾਂ ਵਿਚ ਕੀਤਾ ਗਿਆ। ਇਨ੍ਹਾਂ ਚਿਪਸ ਨੂੰ ਦਿਮਾਗ ਵਿਚ ਪੈਦਾ ਸੰਕੇਤਾਂ ਦੀ ਵਿਆਖਿਆ ਕਰਨ ਤੇ ਬਲੂਟੂੱਥ ਰਾਹੀਂ ਉਪਕਰਨਾਂ ਤੱਕ ਜਾਣਕਾਰੀ ਰਿਲੇਅ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ।

# ਵਿਦੇਸ਼ਾਂ 'ਚ ਪੜ੍ਹਨ ਦੀ ਚਾਹਤ ਕਰਨ ਖ਼ਾਲੀ ਹੋ ਰਹੇ ਨੇ ਪੰਜਾਬ ਦੇ ਕਾਲਜ

ਉੱਚ ਸਿੱਖਿਆ ਬਾਰੇ ਪੂਰੇ ਭਾਰਤ ਦੇ ਸਰਵੇ (ਏ.ਆਈ. ਐੱਸ.ਐੱਚ.ਈ.) ਦੀ ਰੀਪੋਰਟ 2021-22 ਦਰਸਾਉਂਦੀ ਹੈ ਕਿ ਪੰਜਾਬ ਤੋਂ ਕੈਨੇਡਾ ਅਤੇ ਆਸਟਰੇਲੀਆ ਵਰਗੇ ਦੇਸ਼ਾਂ ਵਿਚ ਨੌਜੁਆਨਾਂ ਦੇ ਵੱਡੇ ਪੱਧਰ 'ਤੇ ਪ੍ਰਵਾਸ ਕਾਰਨ ਸੂਬੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਦਾਖਲੇ ਵਿਚ ਕਮੀ ਆ ਰਹੀ ਹੈ। ਪਿਛਲੇ ਪੰਜ ਸਾਲਾਂ 'ਚ, ਘੱਟੋ-ਘੱਟ ਇਕ ਲੱਖ ਵਿਦਿਆਰਥੀਆਂ ਦੀ ਗਿਰਾਵਟ ਆਈ ਹੈ, ਹਾਲਾਂਕਿ ਪਿਛਲੇ ਸਾਲ ਦਾਖਲੇ 'ਚ ਥੋੜ੍ਹਾ ਜਿਹਾ ਵਾਧਾ ਹੋਇਆ ਹੈ। ਉੱਚ ਸਿੱਖਿਆ 'ਚ ਭਾਗੀਦਾਰੀ ਦੇ ਪੱਧਰ ਨੂੰ ਮਾਪਣ ਵਾਲਾ ਪੰਜਾਬ ਦਾ ਕੁਲ ਦਾਖਲਾ ਅਨੁਪਾਤ (ਜੀ.ਈ.ਆਰ.) ਵੀ ਕੌਮੀ ਔਸਤ ਨਾਲੋਂ ਘੱਟ ਗਿਆ ਹੈ। ਇਹ ਕੌਮੀ ਔਸਤ 28.4 ਦੇ ਮੁਕਾਬਲੇ 27.4 ਹੈ। ਇਹ ਅਨੁਪਾਤ 2017-18 ਦੇ 29.2 ਤੋਂ ਘਟ ਕੇ 2021-22 'ਚ 27.4 ਹੋ ਗਿਆ ਹੈ।

ਪਿਛਲੇ ਪੰਜ ਸਾਲਾਂ 'ਚ ਪੰਜਾਬ 'ਚ ਸਾਰੇ ਪੱਧਰਾਂ (ਪੀ. ਐਚ.ਡੀ. ਨੂੰ ਛੱਡ ਕੇ) 'ਤੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ ਕਮੀ ਆਈ ਹੈ, ਪਰ 2020-21 ਦੇ ਮੁਕਾਬਲੇ 2021-22 'ਚ ਥੋੜ੍ਹਾ ਸੁਧਾਰ ਹੋਇਆ ਹੈ। ਪੰਜਾਬ 'ਚ ਕੁਲ ਦਾਖਲਾ 2017-18 'ਚ 9.59 ਲੱਖ ਤੋਂ ਘਟ ਕੇ 2021-22 'ਚ 8.58 ਲੱਖ ਰਹਿ ਗਿਆ, ਜੋ ਕਿ 2020-21 'ਚ 8.33 ਲੱਖ ਦੇ ਮੁਕਾਬਲੇ ਥੋੜ੍ਹਾ ਜਿਹਾ ਬਿਹਤਰ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਦੇ ਇਕ ਅਧਿਐਨ 'ਚ ਪਾਇਆ ਗਿਆ ਹੈ ਕਿ ਸਾਲ 2015 'ਚ ਇਮੀਗ੍ਰੇਸ਼ਨ 'ਚ ਤੇਜ਼ੀ ਸ਼ੁਰੂ ਹੋਣ ਤੋਂ ਬਾਅਦ ਸੂਬੇ ਦੇ 40% ਤੋਂ ਵੱਧ ਪ੍ਰਵਾਸੀ ਸਟੱਡੀ ਵੀਜ਼ੇ 'ਤੇ ਕੈਨੇਡਾ ਗਏ ਸਨ। ਪੰਜਾਬ ਦਾ ਜੀ.ਈ.ਆਰ. ਨਾ ਸਿਰਫ ਕੌਮੀ ਔਸਤ ਤੋਂ ਹੇਠਾਂ ਹੈ ਬਲਕਿ ਗੁਆਂਢੀ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਮੇਤ ਹੋਰ ਸੂਬਿਆਂ ਨਾਲੋਂ ਵੀ ਘੱਟ ਹੈ।

ਉੱਚ ਜੀ.ਈ.ਆਰ. ਵਾਲੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਚੰਡੀਗੜ੍ਹ, ਪੁਡੂਚੇਰੀ, ਦਿੱਲੀ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਉਤਰਾਖੰਡ, ਕੇਰਲ ਅਤੇ ਤੇਲੰਗਾਨਾ ਸ਼ਾਮਲ ਹਨ। ਅੰਡਰਗ੍ਰੈਜੂਏਟ ਕੋਰਸਾਂ 'ਚ ਵਿਦਿਆਰਥੀਆਂ ਦੀ ਗਿਣਤੀ 2017-18 'ਚ 6.88 ਲੱਖ ਤੋਂ ਘਟ ਕੇ 2021-22 'ਚ 6.13 ਲੱਖ ਹੋ ਗਈ ਹੈ, ਪਰ 2020-21 'ਚ 5.86 ਲੱਖ ਤੋਂ ਥੋੜ੍ਹੀ ਜਿਹੀ ਸੁਧਾਰ ਹੋਇਆ ਹੈ। ਪੋਸਟ ਗ੍ਰੈਜੂਏਟ ਕੋਰਸਾਂ 'ਚ ਦਾਖਲਾ ਪੰਜ ਸਾਲਾਂ 'ਚ 1.17 ਲੱਖ ਤੋਂ ਘਟ ਕੇ 1.10 ਲੱਖ ਹੋ ਗਿਆ ਹੈ, ਪਰ 2020-21 'ਚ ਇਹ 1.04 ਲੱਖ ਤੋਂ ਵੱਧ ਗਿਆ ਹੈ। ਡਿਪਲੋਮਾ ਅਤੇ ਪੀ.ਜੀ. ਡਿਪਲੋਮਾ ਕੋਰਸਾਂ 'ਚ ਦਾਖਲੇ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੈਨੇਟਰ ਹਰਪ੍ਰੀਤ ਦੁਆ ਦਾਖਲਿਆਂ 'ਚ ਕਮੀ ਦਾ ਕਾਰਨ ਪ੍ਰਵਾਸ ਨੂੰ ਦਸਦੇ ਹਨ ਅਤੇ ਮੰਨਦੇ ਹਨ ਕਿ ਪਿਛਲੇ ਸਾਲ ਦੇ ਮੁਕਾਬਲੇ ਗਿਣਤੀ 'ਚ ਥੋੜ੍ਹਾ ਜਿਹਾ ਵਾਧਾ ਹੋਣ ਦੇ ਬਾਵਜੂਦ ਸਥਿਤੀ ਚਿੰਤਾਜਨਕ ਬਣੀ ਹੋਈ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸੈਨੇਟਰ ਹਰਪ੍ਰੀਤ ਦੁਆ ਦਾ ਕਹਿਣਾ ਹੈ ਕਿ ਦਾਖਲਿਆਂ ਦੀ ਗਿਣਤੀ 'ਚ ਥੋੜ੍ਹਾ ਜਿਹਾ ਵਾਧਾ ਆਬਾਦੀ ਦੇ ਵਾਧੇ ਕਾਰਨ ਹੋਇਆ ਹੈ, ਪਰਵਾਸ 'ਚ ਕਮੀ ਕਾਰਨ ਨਹੀਂ। ਉਹ ਦਸਦੇ ਹਨ ਕਿ ਭਾਵੇਂ ਵਿਦਿਆਰਥੀ ਪੰਜਾਬ ਦੇ ਕੋਰਸਾਂ 'ਚ ਦਾਖਲਾ ਲੈਂਦੇ ਹਨ, ਪਰ ਬਹੁਤ ਸਾਰੇ ਵਿਦੇਸ਼ਾਂ, ਖਾਸ ਕਰ ਕੇ ਕੈਨੇਡਾ ਅਤੇ ਆਸਟਰੇਲੀਆ ਜਾਣ ਲਈ ਅੱਧ ਵਿਚਕਾਰ ਹੀ ਛੱਡ ਦਿੰਦੇ ਹਨ। ਦੁਆ ਨੇ ਕਿਹਾ ਕਿ ਇਹ ਬਿਹਤਰ ਸਿੱਖਿਆ ਜਾਂ ਪਾਠਕ੍ਰਮ ਲਈ ਨਹੀਂ ਹੈ, ਕਿਉਂਕਿ ਪੰਜਾਬ ਦਾ ਪਾਠਕ੍ਰਮ ਅਤੇ ਕੋਰਸ ਸਮੱਗਰੀ ਕੈਨੇਡਾ ਜਾਂ ਹੋਰ ਦੇਸ਼ਾਂ ਨਾਲੋਂ ਘੱਟ ਨਹੀਂ ਹੈ। ਇਸ ਦੀ ਬਜਾਏ, ਵਿਦਿਆਰਥੀ ਨੌਕਰੀਆਂ ਅਤੇ ਬਿਹਤਰ ਜੀਵਨ ਪੱਧਰ ਦੀ ਭਾਲ ਕਰ ਰਹੇ ਹਨ।

ਪਰਵਾਸ ਕਾਰਨ ਪੰਜਾਬ ਭਰ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 30% ਤੋਂ 40% ਘੱਟ ਗਈ ਹੈ, ਜਿਸ ਨਾਲ ਪੰਜਾਬ ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੀ ਗੰਭੀਰ ਕਮੀ ਵਲ ਵਧ ਰਿਹਾ ਹੈ। ਉੱਚ ਵਿਦਿਅਕ ਸੰਸਥਾਵਾਂ 'ਚ ਦਾਖਲੇ ਵਧਾਉਣ ਦੇ ਕੌਮੀ ਰੁਝਾਨ (ਪਿਛਲੇ ਸਾਲਾਂ 'ਚ 3.66 ਕਰੋੜ ਤੋਂ 4.32 ਕਰੋੜ) ਦੇ ਬਾਵਜੂਦ, ਪੰਜਾਬ 'ਚ ਇਹ 9.59 ਲੱਖ ਤੋਂ ਘਟ ਕੇ 8.58 ਲੱਖ ਰਹਿ ਗਏ ਹਨ।

ਏ.ਆਈ.ਐਸ.ਐਚ.ਈ. ਦੀ ਰੀਪੋਰਟ ਅਨੁਸਾਰ ਪੰਜਾਬ 'ਚ ਨੌਜੁਆਨਾਂ (ਉਮਰ 18-23 ਸਾਲ) ਦੀ ਕੁਲ ਆਬਾਦੀ ਵੀ 2017 'ਚ 32.84 ਲੱਖ ਤੋਂ ਘਟ ਕੇ 2021-22 'ਚ 31.35 ਲੱਖ ਰਹਿ ਗਈ ਹੈ। ਇਹ ਰਾਜ 'ਚ ਇਕ ਮਹੱਤਵਪੂਰਣ ਜਨਸੰਖਿਆ ਤਬਦੀਲੀ ਦਾ ਸੁਝਾਅ ਦਿੰਦਾ ਹੈ।


ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ
ਪਾਉਣ ਲਈ ਫੋਨ ਕਰੋ 604-590-5200

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St    Lynden, WA. 98264 (Bellingham)



4 ਫਰਵਰੀ ਦਿਨ ਐਤਵਾਰ ਨੂੰ ਹਫਤਾਵਾਰੀ ਦੀਵਾਨ ਸਜਣਗੇ
ਲੰਗਰਾਂ ਦੀ ਸੇਵਾ ਸਮੂਹ ਸੰਗਤ ਵੱਲੋਂ ਹੋਵੇਗੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਮੁੱਖ ਸੇਵਾਦਾਰ:ਮਹਿੰਦਰ ਸਿੰਘ ਸੰਘਾ:360-410-5000,ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਕੈਨੇਡਾ ‘ਚੋਂ ਚੋਰੀ ਹੋਈਆਂ 251 ਗੱਡੀਆਂ ਇਟਲੀ ਦੀ ਬੰਦਰਗਾਹ ਤੋਂ ਬਰਾਮਦ

ਰੋਮ- ਇਟਲੀ ਦੇ ਅਧਿਕਾਰੀਆਂ ਨੇ ਜਿਓਆ ਟਾਓਰੋ ਬੰਦਰਗਾਹ ਤੋਂ 250 ਤੋਂ ਵੱਧ ਚੋਰੀ ਦੀਆਂ ਗੱਡੀਆਂ ਬਰਾਮਦ ਕੀਤੀਆਂ ਹਨ, ਜੋ ਕਿ ਕੈਨੇਡਾ ਵਿਚੋਂ ਚੋਰੀ ਕੀਤੀਆਂ ਗਈਆਂ ਸਨ ਤੇ ਮੱਧ ਪੂਰਬੀ ਦੇਸ਼ਾਂ ‘ਚ ਜਾਣ ਲਈ ਭੇਜੀਆਂ ਜਾ ਰਹੀਆਂ ਸਨ। ਇਹ ਬੰਦਰਗਾਹ ਦੱਖਣੀ ਇਟਲੀ ‘ਚ ਆਯਾਤ-ਨਿਰਯਾਤ ਲਈ ਇਕ ਮਹੱਤਵਪੂਰਨ ਰਾਸਤਾ ਹੈ ਤੇ ਸਭ ਤੋਂ ਵੱਧ ਆਵਾਜ਼ਾਈ ਵਾਲੀਆਂ ਬੰਦਰਗਾਹਾਂ ‘ਚ ਸ਼ਾਮਲ ਹੈ।

ਇਹ ਗੱਡੀਆਂ ਕੈਨੇਡਾ ‘ਚੋਂ ਚੋਰੀ ਕੀਤੀਆਂ ਗਈਂ ਹਨ ਤੇ ਕਾਫ਼ੀ ਮਹਿੰਗੀਆਂ ਤੇ ਲਗਜ਼ਰੀ ਹਨ। ਇਹ ਗੱਡੀਆਂ ਕੰਟੇਨਰਾਂ ‘ਚ ਲੋਡ ਕਰ ਕੇ 18 ਸਮੁੰਦਰੀ ਜਹਾਜ਼ਾਂ ‘ਚ ਲਿਆਂਦੀਆਂ ਗਈਆਂ ਹਨ, ਜਿਨ੍ਹਾਂ ਨੂੰ ਮੱਧ ਪੂਰਬੀ ਦੇਸ਼ਾਂ ‘ਚ ਵੇਚਿਆ ਜਾਣਾ ਸੀ।

ਕੈਨੇਡਾ ‘ਚ ਗੱਡੀਆਂ ਦਾ ਚੋਰੀ ਹੋਣਾ ਸਰਕਾਰ ਲਈ ਇਕ ਵੱਡੀ ਸਿਰਦਰਦ ਬਣਿਆ ਹੋਇਆ ਹੈ। ਕੈਨੇਡਾ ਸਰਕਾਰ ਨੇ ਚੋਰੀ ਦੀਆਂ ਗੱਡੀਆਂ ਦੇ ਮੱਧ ਪੂਰਬੀ ਦੇਸ਼ਾਂ ‘ਚ ਪਹੁੰਚਣ ਅਤੇ ਇਨ੍ਹਾਂ ਗੱਡੀਆਂ ਦੀ ਗੈਰ-ਕਾਨੂੰਨੀ ਕੰਮਾਂ ‘ਚ ਹੋ ਰਹੀ ਵਰਤੋਂ ‘ਤੇ ਚਿੰਤਾ ਜ਼ਾਹਿਰ ਕੀਤੀ ਹੈ। ਇਸ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਮਸਲੇ ਨੂੰ ਇਕੋ ਝਟਕੇ ‘ਚ ਹੱਲ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸੁਲਝਾਉਣ ਲਈ ਸਰਕਾਰ ਦੇ ਸਾਰੇ ਅਦਾਰਿਆਂ ਅਤੇ ਉਦਯੋਗਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ।

# ਡਰੱਗ ਤਸਕਰੀ ਦੇ ਦੋਸ਼ ‘ਚ 3 ਵਿਅਕਤੀਆਂ ਨੂੰ ਕੀਤਾ ਜਾਵੇਗਾ ਅਮਰੀਕਾ ਹਵਾਲੇ

ਟੋਰਾਂਟੋ- ਕੈਨੇਡਾ ਵਿਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਮੈਕਸੀਕੋ ਤੇ ਉੱਤਰੀ ਅਮਰੀਕੀ ਦੇਸ਼ਾਂ ਦਰਮਿਆਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਨਾਲ ਕਥਿਤ ਸਬੰਧਾਂ ਦੇ ਦੋਸ਼ ਵਿਚ ਮੁਕੱਦਮੇ ਲਈ ਉਨ੍ਹਾਂ ਨੂੰ ਅਮਰੀਕਾ ਦੇ ਹਵਾਲੇ ਕੀਤਾ ਜਾਵੇਗਾ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਵਿਚਕਾਰ ਇਕ ਸਾਂਝੇ ਆਪ੍ਰੇਸ਼ਨ, ਜਿਸਨੂੰ ‘ਆਪ੍ਰੇਸ਼ਨ ਡੈੱਡ ਹੈਂਡ’ ਕਿਹਾ ਗਿਆ, ਵਿਚ 19 ਲੋਕਾਂ ਨੂੰ ਸੰਗਠਿਤ ਅਪਰਾਧ ਰਿੰਗ ਵਿਚ ਕਥਿਤ ਭੂਮਿਕਾਵਾਂ ਲਈ ਦੋ ਯੂ.ਐੱਸ. ਸੰਘੀ ਦੋਸ਼ਾਂ ਵਿਚ ਚਾਰਜ ਕੀਤਾ ਗਿਆ। ਆਰ.ਸੀ.ਐੱਮ.ਪੀ. ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਆਯੁਸ਼ ਸ਼ਰਮਾ (25) ਅਤੇ ਗੁਰਅਮ੍ਰਿਤ ਸੰਧੂ (60), ਦੋਵੇਂ ਬਰੈਂਪਟਨ ਤੋਂ ਅਤੇ ਕੈਲਗਰੀ ਤੋਂ ਸ਼ੁਭਮ ਕੁਮਾਰ (29) ਨੂੰ ਅੰਤਰਰਾਸ਼ਟਰੀ ਗ੍ਰਿਫ਼ਤਾਰੀ ਵਾਰੰਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ।

ਸੈਂਟਰਲ ਲਈ ਯੂ.ਐੱਸ. ਅਟਾਰਨੀ ਮਾਰਟਿਨ ਐਸਟਰਾਡਾ ਨੇ ਕਿਹਾ, ”ਨਸ਼ੇ ਦੀ ਤਸਕਰੀ ਇਕ ਵਿਸ਼ਵਵਿਆਪੀ ਸਮੱਸਿਆ ਹੈ। ਕੈਲੀਫੋਰਨੀਆ ਦੇ ਸੈਂਟਰਲ ਜ਼ਿਲ੍ਹਾ ਲਈ ਅਮਰੀਕੀ ਅਟਾਰਨੀ ਮਾਰਟਿਨ ਐਸਟਰਾਡਾ ਨੇ ਕਿਹਾ, ”ਲਾਲਚ ਤੋਂ ਪ੍ਰੇਰਿਤ ਇਹ ਅਪਰਾਧੀ ਜ਼ਿੰਦਗੀਆਂ ਨੂੰ ਤਬਾਹ ਕਰਦੇ ਹਨ, ਪਰਿਵਾਰਾਂ ਨੂੰ ਤਬਾਹ ਕਰਦੇ ਹਨ ਅਤੇ ਸਾਡੇ ਭਾਈਚਾਰੇ ਵਿਚ ਤਬਾਹੀ ਮਚਾਉਂਦੇ ਹਨ।” ਡਿਪਾਰਟਮੈਂਟ ਆਫ਼ ਜਸਟਿਸ ਦੀ ਇਕ ਰਿਲੀਜ਼ ਵਿਚ ਦੱਸਿਆ ਗਿਆ ਕਿ ਸੰਗਠਿਤ ਅਪਰਾਧ ਸਮੂਹ ਨੇ ਕੈਨੇਡੀਅਨ ‘ਹੈਂਡਲਰਾਂ’ ਅਤੇ ‘ਡਿਸਪੈਚਰਾਂ’ ਦੀ ਵਰਤੋਂ ਕੀਤੀ ਸੀ ਜੋ ਥੋੜ੍ਹੇ ਸਮੇਂ ਲਈ ਕੈਨੇਡਾ ਤੋਂ ਲਾਸ ਏਂਜਲਸ ਦੀ ਯਾਤਰਾ ਕਰਦੇ ਸਨ।

ਡਲਰਜ਼ ਨੇ ਕੋਕੀਨ ਅਤੇ ਮੈਥਾਮਫੇਟਾਮਾਈਨ ਦੀ ਵੱਡੀ ਖੇਪ ਭੇਜਣ ਲਈ ਤਾਲਮੇਲ ਕੀਤਾ, ਜੋ ਕਿ ਕੈਨੇਡਾ ਲਈ ਨਿਰਧਾਰਿਤ ਲੰਬੀ ਦੂਰੀ ਦੇ ਸੈਮੀ-ਟਰੱਕਾਂ ‘ਤੇ ਲੋਡ ਕੀਤੇ ਗਏ ਸਨ। ਜਾਂਚ ਦੇ ਨਤੀਜੇ ਵਜੋਂ ਫੈਂਟਾਨਾਇਲ ਦੀ ਥੋਕ ਮਾਤਰਾ ਜ਼ਬਤ ਕੀਤੀ ਗਈ ਸੀ। ਟਰਾਂਸਪੋਰਟੇਸ਼ਨ ਨੂੰ ਦਰਜਨਾਂ ਟਰੱਕਿੰਗ ਕੰਪਨੀਆਂ ਨਾਲ ਕੰਮ ਕਰਨ ਵਾਲੇ ਡਰਾਈਵਰਾਂ ਦੇ ਇਕ ਨੈੱਟਵਰਕ ਦੁਆਰਾ ਤਾਲਮੇਲ ਕੀਤਾ ਗਿਆ ਸੀ ਜਿਨ੍ਹਾਂ ਨੇ ਡੀਟਰੋਇਟ ਵਿੰਡਸਰ ਟੰਨਲ, ਬਫੇਲੋ ਪੀਸ ਬ੍ਰਿਜ ਅਤੇ ਬਲੂ ਵਾਟਰ ਬ੍ਰਿਜ ਰਾਹੀਂ ਅਮਰੀਕਾ ਤੋਂ ਕੈਨੇਡਾ ਤੱਕ ਕਈ ਬਾਰਡਰ ਕ੍ਰਾਸਿੰਗ ਕੀਤੇ ਸਨ।

ਸਿੱਧੂ, ਜਿਸ ਨੂੰ ਕਿੰਗ ਵਜੋਂ ਵੀ ਜਾਣਿਆ ਜਾਂਦਾ ਹੈ, ‘ਤੇ ਕਥਿਤ ਤੌਰ ‘ਤੇ ਸਪਲਾਇਰ ਵਜੋਂ ਕੈਨੇਡਾ ਨੂੰ ਵੱਡੇ ਪੱਧਰ ‘ਤੇ ਨਿਯੰਤਰਿਤ ਪਦਾਰਥਾਂ ਦੀ ਤਸਕਰੀ ਅਤੇ ਬਰਾਮਦ ਕਰਨ ਦਾ ਦੋਸ਼ ਹੈ। ਦੋਸ਼ਾਂ ਅਨੁਸਾਰ ਸਿੱਧੂ ਨੇ ਇਕ ਪ੍ਰਬੰਧਕ, ਸੁਪਰਵਾਈਜ਼ਰ ਅਤੇ ਮੈਨੇਜਰ ਵਜੋਂ ਕੰਮ ਕੀਤਾ ਅਤੇ ਇਸ ਭੂਮਿਕਾ ਵਿਚ ਕਾਫ਼ੀ ਆਮਦਨ ਅਤੇ ਸਰੋਤ ਪ੍ਰਾਪਤ ਕੀਤੇ। ਜੇਕਰ ਉਹ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸਨੂੰ ਘੱਟੋ-ਘੱਟ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਦੋਸ਼ਾਂ ਵਿਚ ਸ਼ਰਮਾ ਅਤੇ ਕੁਮਾਰ ਦੀ ਪਛਾਣ ਸੈਮੀ ਟਰੱਕ ਡਰਾਈਵਰ ਵਜੋਂ ਹੋਈ ਹੈ ਜੋ ਕੈਨੇਡਾ ਨੂੰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਵਿਚ ਸ਼ਾਮਲ ਸਨ। ਦੋਵੇਂ ਦੋਸ਼ਾਂ ਵਿਚ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਤਸਕਰੀ ਦੀ ਗਤੀਵਿਧੀ ਦਾ ਦੋਸ਼ ਲਗਾਇਆ ਗਿਆ ਹੈ ਜਿਸ ਵਿਚ ਲਗਭਗ 845 ਕਿਲੋਗ੍ਰਾਮ ਮੈਥਾਮਫੇਟਾਮਾਈਨ, 951 ਕਿਲੋਗ੍ਰਾਮ ਕੋਕੀਨ, 20 ਕਿਲੋਗ੍ਰਾਮ ਫੈਂਟਾਨਾਇਲ, ਅਤੇ 4 ਕਿਲੋਗ੍ਰਾਮ ਹੈਰੋਇਨ ਸ਼ਾਮਲ ਹੈ। ਜਾਂਚ ਦੌਰਾਨ 900,000 ਡਾਲਰ ਤੋਂ ਵੱਧ ਦੀ ਨਕਦੀ ਜ਼ਬਤ ਕੀਤੀ ਗਈ ਸੀ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਅੰਦਾਜ਼ਨ ਥੋਕ ਕੀਮਤ 16-28 ਮਿਲੀਅਨ ਡਾਲਰ ਦੇ ਵਿਚਕਾਰ ਸੀ।

iFix WALL & CEILING LTD.
• TAPPING & FINISHING • BOARDING
• TEXTURED CEILINGS • STEEL STUD
• KITCHEN-BATHROOM • PAINTING-PLUMBING
ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੇਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।
ਟੇਪਰਾਂ ਦੀ ਤੁਰੰਤ ਲੋੜ ਹੈ
ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ
FOR BEST DEAL CALL : HARINDER SINGH DHALIWAL
604.760.1732, 604.442-1571

ELEVATE VISUAL STUDIOS
LIFE STYLE EVENT & SPORTS PHOTOGRAPHER
*Real Estate Photography *Sports Photography
*Family Photography *Products Photography
*Event Photography *Newborn Photography
*Business & Branding Photography
ਕਿਸੇ ਵੀ ਤਰ੍ਹਾਂ ਦੀ ਈਵੈਂਟ ਤੇ ਫੋਟੋਸ਼ੂਟ ਕਰਵਾਉਣ ਲਈ ਸੰਪਰਕ ਕਰੋ



*ਰੀਅਲ ਅਸਟੇਟ ਫੋਟੋਗ੍ਰਾਫੀ *ਸਪੋਰਟਸ ਫੋਟੋਗ੍ਰਾਫੀ
*ਫੈਮਲੀ ਫੋਟੋਗ੍ਰਾਫੀ *ਪ੍ਰੋਡਕਟ ਫੋਟੋਗ੍ਰਾਫੀ
*ਈਵੈਂਟ ਫੋਟੋਗ੍ਰਾਫੀ *ਨਿਊਬੌਰਨ ਫੋਟੋਗ੍ਰਾਫੀ
*ਬਿਜਨਸ ਅਤੇ ਬ੍ਰੈਂਡਿੰਗ ਫੋਟੋਗ੍ਰਾਫੀ
CALL:778-240-4869

TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
*A Caring Team for You & Your Family*
Most Crowns and Bridges are made same day with our CAD/CAM System
• General Dentistry • Bridges • Fillings • Dentures
• Dental Implants • Crowns • Cosmetic Dentistry • Sealants
• Treatment of Gum Disease • Oral Surgery • Root Canals



HARCHAND SINGH DDS PS, SARAA ABDULATEEF DDS MS,
ABRAAM ABRAMOV LD, MUKTA SINGH DDS, TANVEER S BUTTAR DDS
Hours : Monday 9AM - 6PM
Tuesday 9AM - 6PM
Wednesday 9AM - 6PM
Thursday 9AM - 6PM
Friday 8AM - 4PM
*(Fellow & Master Academy of General Dentistry)*
DENTAL LAB ON PREMISES
13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ
ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ
ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

# ਚਰਚਲ ਸ਼ਾਇਦ ਠੀਕ ਹੀ ਕਹਿੰਦਾ ਸੀ ਕਿ ਹਿੰਦੁਸਤਾਨੀ ਲੀਡਰ ਦੇਸ਼ ਦਾ ਬੁਰਾ ਹਾਲ ਕਰ ਦੇਣਗੇ...

ਆਜ਼ਾਦੀ ਅੰਦੋਲਨ ਸ਼ੁਰੂ ਹੋਇਆ ਤਾਂ ਵੀ ਸਾਰੇ ਭਾਰਤੀਆਂ ਨੂੰ ਇਕ ਪਾਸੇ ਮਿਲਾ ਕੇ ਵੀ, ਦੂਜੇ ਪਾਸੇ ਸਿੱਖਾਂ ਨੇ ਇਕੱਲਿਆਂ ਹੀ ਵੱਧ ਕੁਰਬਾਨੀਆਂ ਆਜ਼ਾਦੀ ਲਈ ਦਿਤੀਆਂ।ਅੰਗੇਰਜ਼ ਤਾਕਤ, ਬੁੱਧੀ ਅਤੇ ਚਲਾਕੀ ਦੇ ਸਾਰੇ ਗੁਣਾਂ, ਔਗੁਣਾਂ ਨੂੰ ਵਰਤ ਕੇ ਭਾਰਤ ਉਤੇ ਕਾਬਜ਼ ਹੋਏ ਸਨ। ਉਨ੍ਹਾਂ ਨੂੰ ਇਥੇ ਆ ਕੇ ਪਤਾ ਲੱਗਾ ਕਿ ਹਿੰਦੁਸਤਾਨੀ ਆਗੂ ਅਪਣੀ ਜ਼ਿੰਮੇਵਾਰੀ ਨੂੰ ਪਛਾਣਨ ਤੇ ਉਸ ਅਨੁਸਾਰ ਕੰਮ ਕਰਨ ਦੀ ਬਜਾਏ, ਜ਼ਿੰਮੇਵਾਰੀਆਂ ਤੋਂ ਦੂਰ ਭੱਜਣ ਨੂੰ ਹੀ ਚੰਗੀ ਅਗਵਾਈ ਮੰਨਦੇ ਸਨ। ਮੁਗ਼ਲਾਂ ਨੇ ਵੀ, ਅੰਗਰੇਜ਼ਾਂ ਤੋਂ ਪਹਿਲਾਂ, ਇਥੋਂ ਦੀ ਦੌਲਤ ਲੁੱਟੀ, ਇੱਜ਼ਤ ਲੁੱਟੀ ਪਰ ਇਥੋਂ ਦੇ ਲੀਡਰ ਚੁੱਪ ਹੀ ਰਹੇ।

ਪਹਿਲੀ ਵਾਰ ਕੇਂਦਰੀ ਭਾਰਤ 'ਚੋਂ ਬਗ਼ਾਵਤ ਉਠੀ ਤਾਂ ਉਦੋਂ ਉਠੀ ਜਦੋਂ ਅੰਗਰੇਜ਼ਾਂ ਨੇ ਛੋਟੀਆਂ ਛੋਟੀਆਂ ਰਿਆਸਤਾਂ ਦੇ ਰਾਜਿਆਂ ਨੂੰ ਦੱਤਕ ਪੁੱਤਰਾਂ ਨੂੰ ਅਪਣੇ ਜਾਨਸ਼ੀਨ ਬਣਾਉਣ ਤੋਂ ਰੋਕ ਦਿਤਾ। ਦੱਤਕ ਪੁੱਤਰ ਦਾ ਮਤਲਬ ਹੁੰਦਾ ਸੀ ਕਿ ਜਿਹੜੇ ਰਜਵਾੜਿਆਂ ਦਾ ਅਪਣਾ ਕੋਈ ਸਕਾ ਪੁੱਤਰ ਨਹੀਂ ਸੀ ਹੁੰਦਾ, ਉਹ ਕਿਸੇ ਹੋਰ ਦੇ ਬੱਚੇ ਨੂੰ ਗੋਦ ਲੈ ਕੇ ਉਸ ਨੂੰ ਅਪਣਾ ਜਾਨਸ਼ੀਨ ਬਣਾ ਲੈਂਦੇ ਸਨ। ਅੰਗਰੇਜ਼ ਨੇ ਦੱਤਕ ਪੁੱਤਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿਤਾ ਜਿਸ ਨਾਲ ਰਜਵਾੜਿਆਂ ਦੀ ਸਲਤਨਤ, ਅੰਗਰੇਜ਼ੀ ਰਾਜ ਦਾ ਭਾਗ ਬਣ ਜਾਂਦੀ ਸੀ। ਸੋ ਰਾਜਿਆਂ ਨੇ ਗੁੱਸੇ ਵਿਚ ਆ ਕੇ ਬਗ਼ਾਵਤ ਕਰ ਦਿਤੀ। ਰਾਣੀ ਝਾਂਸੀ ਦੀ ਵੀ ਹਾਲਤ ਉਹੀ ਸੀ ਜੋ ਬਾਕੀ ਰਾਜਿਆਂ ਦੀ ਸੀ।ਸਾਡੇ ਉਸ ਵੇਲੇ ਦੇ 'ਲੀਡਰਾਂ' ਦੇ ਜਾਗਣ ਦਾ ਦੂਜਾ ਕਾਰਨ ਇਹ ਸੀ ਕਿ ਅੰਗਰੇਜ਼ ਜਿਹੜੇ ਕਾਰਤੂਸ ਫ਼ੌਜੀਆਂ ਨੂੰ ਦੇਂਦਾ ਸੀ, ਉਨ੍ਹਾਂ ਉਤੇ ਸੂਰ ਜਾਂ ਗਊ ਦੀ ਚਰਬੀ ਲੱਗੀ ਹੁੰਦੀ ਸੀ ਜੋ ਮੂੰਹ ਨਾਲ ਖੋਲ੍ਹਣੀ ਪੈਂਦੀ ਸੀ। ਸੋ ਸਾਡੇ ਫ਼ੌਜੀ ਜਵਾਨ 'ਧਰਮ ਭ੍ਰਿਸ਼ਟ ਹੋਣ' ਦੇ ਨਾਂ ਤੇ ਭੜਕ ਪਏ ਪਰ ਇਨ੍ਹਾਂ ਦੋ ਕਾਰਨਾਂ ਨਾਲੋਂ ਕਿਤੇ ਗੰਭੀਰ ਹਮਲੇ ਇਸ ਦੇਸ਼ ਦੀ ਆਨ, ਬਾਨ, ਸ਼ਾਨ 'ਤੇ ਹੋਏ ਪਰ ਸਾਡੇ ਉਸ ਸਮੇਂ ਦੇ ਲੀਡਰਾਂ ਦੀ ਜ਼ਬਾਨ ਵੀ ਨਾ ਖੁਲ੍ਹ ਸਕੀ, ਹੋਰ ਤਾਂ ਉਨ੍ਹਾਂ ਨੇ ਕੀ ਕਰਨਾ ਸੀ। ਪਹਿਲੀ ਵਾਰ ਵਿਦੇਸ਼ੀ ਧਾੜਵੀਆਂ ਨੂੰ ਮਾਰਨ, ਲੁੱਟਣ ਤੇ ਘਰ ਵਾਪਸ ਭੇਜਣ ਦਾ ਕੰਮ ਸਿੱਖਾਂ ਨੇ ਪੰਜਾਬ ਤੋਂ ਸ਼ੁਰੂ ਕੀਤਾ ਤੇ ਅਪਣੀ ਥੋੜੀ ਗਿਣਤੀ ਨੂੰ ਵੀ ਅਪਣੀ ਕਮਜ਼ੋਰੀ ਨਾ ਬਣਨ ਦਿਤਾ ਸਗੋਂ ਇਹ ਜ਼ਿੰਮਾ ਅਪਣੇ ਉਤੇ ਆਪ ਹੀ ਲੈ ਲਿਆ ਕਿ ਕਿਸੇ ਵੀ ਵਿਦੇਸ਼ੀ ਧਾੜਵੀ ਜਾਂ ਹਮਲਾਵਰ ਨੂੰ ਅਪਣੀ ਧਰਤੀ 'ਤੇ ਨਹੀਂ ਟਿਕਣ ਦਿਤਾ ਜਾਵੇਗਾ।

ਆਜ਼ਾਦੀ ਅੰਦੋਲਨ ਸ਼ੁਰੂ ਹੋਇਆ ਤਾਂ ਵੀ ਸਾਰੇ ਭਾਰਤੀਆਂ ਨੂੰ ਇਕ ਪਾਸੇ ਮਿਲਾ ਕੇ ਵੀ, ਦੂਜੇ ਪਾਸੇ ਸਿੱਖਾਂ ਨੇ ਇਕੱਲਿਆਂ ਹੀ ਵੱਧ ਕੁਰਬਾਨੀਆਂ ਆਜ਼ਾਦੀ ਲਈ ਦਿਤੀਆਂ ਪਰ ਬਾਕੀ ਹਿੰਦੁਸਤਾਨ ਦੀ ਹਾਲਤ ਪਹਿਲਾਂ ਵਰਗੀ ਹੀ ਰਹੀ ਤੇ ਆਜ਼ਾਦੀ ਅੰਦੋਲਨ ਦੌਰਾਨ ਵੀ ਉਹ ਹਿੰਦੂ ਰੋਟੀ, ਮੁਸਲਿਮ ਰੋਟੀ ਤੇ ਹਿੰਦੂ ਪਾਣੀ, ਮੁਸਲਿਮ ਪਾਣੀ ਦੇ ਹੋਕੇ ਦੇਂਦੇ ਹੀ ਵੇਖੇ ਗਏ। ਹਿੰਦੁਸਤਾਨ ਨੂੰ ਇਕ ਬਣਾਈ ਰੱਖਣ ਦੀ ਸੋਚ ਵੀ ਕਿਧਰੇ ਵਿਖਾਈ ਨਾ ਦਿਤੀ। ਇਸੇ ਲਈ ਸਰ ਵਿੰਸਟਨ ਚਰਚਲ ਨੇ ਕਿਹਾ ਸੀ, ''ਕਿਨ੍ਹਾਂ ਨੂੰ ਆਜ਼ਾਦੀ ਦਈਏ? ਭਾਰਤੀ ਲੀਡਰ ਤਾਂ ਕੁੱਝ ਸਾਲਾਂ ਵਿਚ ਹੀ ਲੜ ਲੜ ਕੇ ਹਿੰਦੁਸਤਾਨ ਨੂੰ ਰੋਲ ਦੇਣਗੇ।'' ਅੱਜ ਜਿਵੇਂ ਲੋਕ-ਰਾਜ, ਧਰਮ, ਨਿਆਂ ਅਤੇ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲਿਆਂ ਦਾ ਬੁਰਾ ਹਾਲ ਕੀਤਾ ਜਾ ਰਿਹਾ ਹੈ, ਉਸ ਵਲ ਵੇਖ ਕੇ ਖ਼ੁਦ ਭਾਰਤੀ ਜਨਤਾ ਵੀ ਕਹਿਣ ਲੱਗ ਪਈ ਹੈ ਕਿ ਸਾਡੇ ਲੀਡਰ ਹਿੰਦੁਸਤਾਨ ਨੂੰ ਖ਼ਤਮ ਕਰ ਕੇ ਹੀ ਸਾਹ ਲੈਣਗੇ। ਲੀਡਰ ਲੋਕ, ਇਕ ਦੂਜੇ ਨੂੰ ਖ਼ਤਮ ਕਰਨ ਦੇ ਨਾਂ 'ਤੇ ਸੱਭ ਕੁੱਝ ਹੀ ਖ਼ਤਮ ਕਰਦੇ ਜਾ ਰਹੇ ਹਨ। ਚਰਚਲ ਸ਼ਾਇਦ ਠੀਕ ਹੀ ਕਹਿ ਰਿਹਾ ਸੀ, ਭਾਵੇਂ ਕਿ ਸਾਨੂੰ ਖ਼ੁਸ਼ੀ ਤਾਂ ਹੀ ਹੋਣੀ ਸੀ ਜੇ ਚਰਚਲ ਪੂਰੀ ਤਰ੍ਹਾਂ ਗ਼ਲਤ ਸਾਬਤ ਕਰ ਦਿਤਾ ਜਾਂਦਾ। ਜਿਹੜੇ ਚੰਗੇ ਦੇਸ਼-ਭਗਤ ਲੋਕ ਅਜੇ ਜੀਵਤ ਹਨ, ਉਹ ਅਜੇ ਵੀ ਜੁੜ ਬੈਠਣ ਤੇ ਚਰਚਲ ਨੂੰ ਗ਼ਲਤ ਸਾਬਤ ਕਰ ਵਿਖਾਉਣ ਤਾਂ ਇਹ ਦੇਸ਼ ਦੀ ਸੱਚੀ ਸੇਵਾ ਹੋਵੇਗੀ।

- ਨਿਮਰਤ ਕੌਰ

# ਬਾਦਲ ਪੰਜਾਬ ਦੇ ਵਿਨਾਸ਼ ਪੁਰਸ਼:ਆਪ

ਚੰਡੀਗੜ੍ਹ-ਆਮ ਆਦਮੀ ਪਾਰਟੀ (ਆਪ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਆਪਣਾ ਕੈਲੰਡਰ ਜਾਰੀ ਕਰਨ ਤੋਂ ਬਾਅਦ ਉਸ 'ਤੇ ਜਵਾਬੀ ਹਮਲਾ ਕੀਤਾ ਅਤੇ ਕਿਹਾਬਾਦਲ ਪੰਜਾਬ ਦੇ ਵਿਕਾਸ ਨਹੀਂ, 'ਵਿਨਾਸ਼ ਪੁਰਸ਼' ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਮੰਗਲਵਾਰ ਨੂੰ ਇੱਕ ਕੈਲੰਡਰ ਜਾਰੀ ਕੀਤਾਸ਼, ਜਿਸ ਵਿੱਚ ਉਨ੍ਹਾ ਬਾਦਲਾਂ ਨੂੰ 'ਵਿਕਾਸ ਪੁਰਸ਼' ਦੱਸਿਆ। ਅਕਾਲੀ ਆਗੂ ਖਾਸ ਕਰਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਚੁਟਕੀ ਲੈਂਦਿਆਂ 'ਆਪ' ਪੰਜਾਬ ਨੇ ਕਿਹਾ ਕਿ ਬਾਦਲ ਪੰਜਾਬ ਦੇ 'ਵਿਕਾਸ ਪੁਰਸ਼' ਨਹੀਂ, ਕਿਉਂਕਿ ਉਨ੍ਹਾ ਸੱਤਾ 'ਚ ਰਹਿੰਦਿਆਂ ਪੰਜਾਬ ਅਤੇ ਪੰਜਾਬੀਆਂ ਲਈ ਕੁਝ ਨਹੀਂ ਕੀਤਾ। ਉਹਨਾ ਆਪਣੇ ਪਰਵਾਰ ਅਤੇ ਕਾਰੋਬਾਰ ਦਾ ਵਿਕਾਸ ਕੀਤਾ। 'ਆਪ' ਪੰਜਾਬ ਨੇ ਆਪਣੇ ਅਧਿਕਾਰਤ ਐੱਕਸ ਅਕਾਊਂਟ 'ਤੇ ਲਿਖਿਆ, 'ਸੁਖਬੀਰ ਬਾਦਲ, ਤੁਸੀਂ ਪੰਜਾਬ ਦਾ ਵਿਕਾਸ ਨਹੀਂ, ਵਿਨਾਸ਼ ਕੀਤਾ ਹੈ, ਤੁਸੀਂ ਚਿੱਟੇ ਦਾ ਵਿਕਾਸ ਕੀਤਾ, ਤੁਸੀਂ ਆਪਣੇ ਹੋਟਲਾਂ ਦਾ ਵਿਕਾਸ ਕੀਤਾ, ਤੁਸੀਂ ਆਪਣੀਆਂ ਬੱਸਾਂ ਦਾ ਵਿਕਾਸ ਕੀਤਾ, ਤੁਸੀਂ ਪੰਜਾਬ ਦੇ ਲੋਕਾਂ ਦਾ ਨਹੀਂ, ਆਪਣੇ ਪਰਵਾਰ ਦਾ ਵਿਕਾਸ ਕੀਤਾ, ਤੁਸੀਂ ਪੰਜਾਬ 'ਚ ਗੈਂਗਸਟਰਾਂ ਦਾ ਵਿਕਾਸ ਕੀਤਾ।' 'ਆਪ' ਨੇ ਕਿਹਾ ਕਿ ਸਭ ਜਾਣਦੇ ਹਨ ਕਿ ਬਾਦਲਾਂ ਨੇ ਕੀ ਕੀਤਾ, ਇਸੇ ਲਈ ਲੋਕਾਂ ਨੇ 2022 'ਚ ਉਨ੍ਹਾਂ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ। ਬਾਦਲਾਂ ਨੇ ਆਪਣੇ ਸਿਆਸੀ ਫਾਇਦੇ ਲਈ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਨਾਲ ਵਾਰ-ਵਾਰ ਧੋਖਾ ਕੀਤਾ ਹੈ।

# ਮੇਅਰ ਦੀ ਚੋਣ

ਚੰਡੀਗੜ੍ਹ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀਆਂ ਮੰਗਲਵਾਰ ਨੂੰ ਹੋਈਆਂ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੇ ਗੱਠਜੋੜ ਦੀ ਹਾਲ-ਦੁਹਾਈ ਦੌਰਾਨ ਭਾਜਪਾ ਨੇ ਹੂੰਝਾ ਫੇਰੂ ਜਿੱਤ ਹਾਸਲ ਕਰਦਿਆਂ ਤਿੰਨਾਂ ਅਹੁਦਿਆਂ ਉਤੇ ਆਪਣਾ ਕਬਜ਼ਾ ਬਰਕਰਾਰ ਰੱਖਿਆ ਹੈ। ਦੋਵੇਂ ਗੱਠਜੋੜ ਭਾਈਵਾਲਾਂ 'ਆਪ' ਅਤੇ ਕਾਂਗਰਸ ਨੇ ਦੋਸ਼ ਲਾਇਆ ਕਿ ਪ੍ਰੀਜ਼ਾਈਡਿੰਗ ਅਫਸਰ ਨੇ ਭਾਜਪਾ ਨੂੰ ਨਾਜਾਇਜ਼ ਫ਼ਾਇਦਾ ਪਹੁੰਚਾਉਣ ਲਈ ਬੈਲਟ ਪੇਪਰਾਂ ਨਾਲ ਛੇੜਛਾੜ ਕੀਤੀ ਹੈ।

ਮੇਅਰ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਮਨੋਜ ਸੋਨਕਰ ਨੂੰ 16 ਵੋਟਾਂ ਮਿਲੀਆਂ ਜੋ ਵਿਰੋਧੀ 'ਇੰਡੀਆ' ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਟੀਟਾ ਦੀਆਂ ਵੋਟਾਂ ਤੋਂ ਚਾਰ ਵੱਧ ਹਨ।

ਗ਼ੌਰਤਲਬ ਹੈ ਕਿ 8 ਵੋਟਾਂ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ।

ਅਯੋਗ ਕਰਾਰ ਦਿੱਤੀਆਂ ਗਈਆਂ ਵੋਟਾਂ ਦੀ ਮੁਕਾਬਲਤਨ ਵੱਡੀ ਗਿਣਤੀ ਕਈ ਤਰ੍ਹਾਂ ਦੇ ਸ਼ੱਕ-ਸ਼ੁਬਹੇ ਪੈਦਾ ਕਰਦੀ ਹੈ ਅਤੇ ਇਸ ਨੇ ਸਮੁੱਚੇ ਚੋਣ ਅਮਲ ਉਤੇ ਸਵਾਲੀਆ ਨਿਸ਼ਾਨ ਵੀ ਲਾ ਦਿੱਤਾ ਹੈ। ਜੇ ਚੋਣ ਪ੍ਰਕਿਰਿਆ ਵਿਚ ਵਧੇਰੇ ਪਾਰਦਰਸ਼ਤਾ ਅਪਣਾਈ ਜਾਂਦੀ ਤਾਂ ਅਜਿਹੀ ਅਣਸੁਖਾਵੀਂ ਹਾਲਤ ਪੈਦਾ ਹੋਣ ਤੋਂ ਰੋਕੀ ਜਾ ਸਕਦੀ ਸੀ, ਖ਼ਾਸਕਰ ਕਾਂਗਰਸ-ਆਪ ਦੇ ਇਨ੍ਹਾਂ ਦੋਸ਼ਾਂ ਨੂੰ ਦੇਖਦਿਆਂ ਕਿ ਉਨ੍ਹਾਂ ਦੇ ਏਜੰਟਾਂ ਨੂੰ ਬੈਲਟ ਪੇਪਰਾਂ ਦੀ ਜਾਂਚ ਨਹੀਂ ਕਰਨ ਦਿੱਤੀ ਗਈ।

ਇਹ ਚੋਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਉਤੇ ਕਰਵਾਈ ਗਈ ਸੀ ਕਿਉਂਕਿ ਮੂਲ ਰੂਪ ਵਿਚ 18 ਜਨਵਰੀ ਨੂੰ ਹੋਣ ਵਾਲੀ ਨਗਰ ਨਿਗਮ ਦੀ ਚੋਣ ਨੂੰ ਵਿਵਾਦਗ੍ਰਸਤ ਹਾਲਾਤ ਦੌਰਾਨ ਮੁਲਤਵੀ ਕਰ ਦਿੱਤਾ ਗਿਆ ਸੀ। ਉਸ ਦਿਨ ਪ੍ਰੀਜ਼ਾਈਡਿੰਗ ਅਫਸਰ ਕਥਿਤ ਤੌਰ 'ਤੇ ਬਿਮਾਰ ਹੋ ਗਏ ਸਨ। ਹਾਈ ਕੋਰਟ ਨੇ ਪ੍ਰਸ਼ਾਸਨ ਵੱਲੋਂ ਚੋਣਾਂ ਮੁਲਤਵੀ ਕੀਤੇ ਜਾਣ ਦੇ ਹੁਕਮਾਂ ਨੂੰ 'ਨਾਵਾਜਿਬ, ਅਨਿਆਂਪੂਰਨ ਅਤੇ ਆਪ ਹੁਦਰੇ' ਕਰਾਰ ਦੇ ਕੇ ਰੱਦ ਕਰ ਦਿੱਤਾ ਸੀ।

ਚੰਡੀਗੜ੍ਹ ਮੇਅਰ ਦੀ ਚੋਣ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ 'ਇੰਡੀਆ' ਗੱਠਜੋੜ ਦਰਮਿਆਨ ਆਖ਼ਿਰੀ ਵੱਡੇ ਮੁਕਾਬਲੇ ਵਜੋਂ ਦੇਖਿਆ ਜਾ ਰਿਹਾ ਸੀ। ਪੰਜਾਬ ਵਿਚ ਇਕ-ਦੂਜੀ ਦੇ ਖ਼ਿਲਾਫ਼ ਡਟੀਆਂ ਹੋਈਆਂ 'ਆਪ' ਅਤੇ ਕਾਂਗਰਸ ਨੇ ਚੰਡੀਗੜ੍ਹ ਵਿਚ ਭਾਜਪਾ ਦੀ ਜੇਤੂ ਮੁਹਿੰਮ ਠੱਲ੍ਹਣ ਲਈ ਆਪਸ ਵਿਚ ਹੱਥ ਮਿਲਾਏ ਸਨ। ਚੋਣਾਂ ਦੇ ਨਤੀਜਿਆਂ ਸਬੰਧੀ ਵਿਵਾਦ ਨੇ ਸਮੁੱਚੇ ਹਾਲਾਤ ਨੂੰ ਹੋਰ ਵੀ ਤਲਖ਼ ਬਣਾ ਦਿੱਤਾ ਹੈ ਅਤੇ ਪ੍ਰੀਜ਼ਾਈਡਿੰਗ ਅਫਸਰ ਤੱਕ ਦੀ ਭੂਮਿਕਾ ਡੂੰਘੀ ਘੋਖ ਦੇ ਘੇਰੇ ਵਿਚ ਆ ਗਈ ਹੈ।

ਇਸ ਸਭ ਕਾਸੇ ਦੇ ਮੱਦੇਨਜ਼ਰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਚੋਣਾਂ ਕਰਾਉਂਦੇ ਸਮੇਂ ਸਹੀ ਪ੍ਰਕਿਰਿਆ ਦਾ ਸਖ਼ਤੀ ਨਾਲ ਪਾਲਣ ਕੀਤਾ ਗਿਆ ਹੈ ਜਾਂ ਨਹੀਂ। ਕਿਸੇ ਵੀ ਸਿਆਸੀ ਪਾਰਟੀ ਵੱਲੋਂ ਗ਼ਲਤ ਅਤੇ ਲੁਕਵੇਂ ਢੰਗ-ਤਰੀਕਿਆਂ ਦਾ ਇਸਤੇਮਾਲ ਨਾ ਸਿਰਫ਼ ਬਰਾਬਰੀ ਦੇ ਮੌਕਿਆਂ ਨੂੰ ਹੀ ਅਸੰਭਵ ਬਣਾਉਂਦਾ ਹੈ ਸਗੋਂ ਇਹ ਜਮਹੂਰੀਅਤ ਦੀ ਮੂਲ ਭਾਵਨਾ ਦੇ ਵੀ ਖ਼ਿਲਾਫ਼ ਹੈ। ਚੋਣਾਂ ਦੀ ਰਾਜ਼ਦਾਰੀ ਦਾ ਸਤਿਕਾਰ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਪਰ ਇਸ ਦਾ ਅਪਾਰਦਰਸ਼ਤਾ ਨੂੰ ਹੁਲਾਰਾ ਦੇਣ ਲਈ ਗ਼ਲਤ ਇਸਤੇਮਾਲ ਵੀ ਨਹੀਂ ਹੋਣਾ ਚਾਹੀਦਾ।


ਸਿੰਘ ਸਭਾ ਗੁਰਦੁਆਰਾ

591 Telegraph Rd, Bellingham WA 98226

ਅੰਮ੍ਰਿਤ ਵੇਲੇ ਦਾ ਸਮਾਂ

ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 5 ਵਜੇ

ਨਿਤਨੇਮ 5.15-6.15 ਵਜੇ ਤੱਕ

ਆਸਾ ਦੀ ਵਾਰ 6.15-7 ਵਜੇ ਤੱਕ

ਸਮਾਪਤੀ

ਸ਼ਾਮ ਦਾ ਨਿਤਨੇਮ

ਸ਼ਾਮ 5 ਵਜੇ ਤੋਂ 6.15 ਵਜੇ ਤੱਕ



ਸਮੂਹ ਸਿੱਖ ਸੰਗਤ ਵੱਲੋਂ 4 ਫਰਵਰੀ ਦਿਨ ਐਤਵਾਰ
ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
ਪਾਠ ਸਵੇਰੇ 9 ਵਜੇ ਆਰੰਭ ਹੋਣਗੇ ਅਤੇ 10.30 ਵਜੇ ਭੋਗ ਪਾਏ ਜਾਣਗੇ।
ਉਪਰੰਤ ਕੀਰਤਨ ਦਰਬਾਰ ਸਜਣਗੇ।

ਰਾਗੀ ਜਥਾ:ਭਾਈ ਸਵਰਨ ਸਿੰਘ ਮਿੱਠਾ ਟਿਵਾਣਾ 360-961-6316

ਗਿ. ਅਵਤਾਰ ਸਿੰਘ (ਹੈੱਡ ਗ੍ਰੰਥੀ):360-935-2477

ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰ ਸਕਦੇ ਹੋ:360-306-8719


ਗਿ. ਅਵਤਾਰ ਸਿੰਘ

Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum U-Visa, Vawa
- Car Accidents/Personal Injury
- Evictions
- DUI/Criminal Defense

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ
-ਡੀਯੂਆਈ/ਕ੍ਰਿਮੀਨਲ ਡਿਫੈਂਸ

Website:multanilawgroup.com
Email:Jashan@multanilawgroup.com
*Add: 648 S 152nd St, Suite 7, Burien, WA 98148*

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

## FLY from Seattle to India

### We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889

Email: info@usatravelguru.com
Website: www.usatravelguru.com

## *India Special FARES*

### USA Travel Services is your one-stop shop for all of your travel needs.

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ
  ਅਤੇ ਪਾਸਪੋਰਟ ਬਣਵਾਉ


OPEN 6 DAYS A WEEK,
TUESDAY CLOSED
OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm
The Only True Punjabi (Indian) Vegetarian In Renton
New Pabla Ready To Eat Frozen Cuisine Available
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ
Pabla Indian Cuisine
Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com


ਪਾਬਲਾ ਪੰਜਾਬੀ ਪੈਲੇਸ ਨੇ ਹੁਣ ਆਪਣੀ ਦੂਸਰੀ ਲੋਕੇਸ਼ਨ
ਫੈਡਰਲ ਵੇਅ ਤੇ ਹਿਲਸਾਈਡ ਪਲਾਜ਼ਾ ਵਿਚ ਖੋਲ ਦਿੱਤੀ ਹੈ
PABLA PUNJABI PALACE
2nd Location Now Open
in Federal Way, WA
2020 S 314th St, Federal Way, WA 98003
(Hillside Plaza) Seating for 1200 people
ਹੁਣ ਤੁਸੀਂ ਇਸ ਲੋਕੇਸ਼ਨ ਤੋਂ
ਇੰਡੀਅਨ ਗ੍ਰੋਸਰੀ ਅਤੇ ਮਿਠਾਈਆਂ ਵੀ ਲੈ ਸਕਦੇ ਹੋ
ਸਿਰਫ ਟੇਕ ਆਊਟ
ਤਾਜ਼ੇ ਸਮੋਸੇ
FISH PAKORA
ਚਨੇ ਭਟੂਰੇ
Specials: Take out
7 Days a week
DJ, Dance Floor, Catering for
All Occasions, Big TV Screens
& Family Atmosphere
• Marriage Parties
•Birthday Parties
•Mehndi Parties
• Business Meetings •
•Any Kind Of Functions
For booking your event Please call Jas pabla At
Ph: 206-769-5559
Email: pablajas@yahoo.com


Indian Spice Bistro
BAR & GRILL
North Indian, South Indian, Indo-Chinese,
Mediterranean & Cocktails
Dine-In, Take-Out,
Catering, Banquet Available
Call Vicky For Catering
206-271-4545
PH:206-829-8945
Hours of Operation (PARKING AT REAR)
Monday-Sunday: 11:00 am - 10:00 pm
14553 Bothell Way NE Shoreline WA 98155


SEATAC MARKET & SMOKESHOP
INDIAN BAZAR 206-453-5830
We send money to India
& All around the World
Ria
MoneyGram
Swarn Duram Atta
$6.99 20 lbs
Hathi Brand Chakki Atta Whole Wheat
$10.99 20 lbs
Loose Dals
Urad Whole/Moong Whole /Kala Chana
$1 off 4 lbs
Red Rose Tea
$5.99 Each 2 lbs
All Mopleez Bhujia 5.3oz.
Special $1.00
All kinds of Cookies
Each $7.99 2.5 lbs
Meat -Goat Meat
$6.99 1 lbs
We Sell Goat Meat & Lamb Meat
We Sell All Kinds Of Sweets Cheaper Than Everyone
16256,military R.d, #112, Seatac WA 98188
Front on the Dominos Pizza, Opp safeway Grocery Store


TEAM ARMY
REAL ESTATE
Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।
MORTGAGE
Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ
Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com
Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

ROYAL BANQUET & CONFERENCE HALL (KARAN SIDHU)
Presents
TASTY CURRY RESTAURANT & PIZZA
NOW OPEN FOR TO GO & DINE IN
ਇਥੋਂ ਤੁਸੀਂ ਭਾਰਤੀ ਖਾਣੇ ਅਤੇ ਪੀਜੇ ਦਾ ਆਨੰਦ ਮਾਣ ਸਕਦੇ ਹੋ
ਬੱਚਿਆਂ ਵਾਸਤੇ ਫੂਡ ਦੀ ਕਾਫੀ ਸਿਲੈਕਸ਼ਨ ਹੈ।
ਅਸੀਂ ਕਿਸੇ ਵੀ ਈਵੈਂਟ ਲਈ ਕੇਟਰਿੰਗ ਕਰਦੇ ਹਾਂ
Everett's favourite gathering place, ideal for a casual bite or domestic and foreign beer, wine and spirits shared with friends.
BAR
ਤੁਸੀਂ ਫੂਡ ਆਨਲਾਈਨ ਵੀ ਆਰਡਰ ਕਰ ਸਕਦੇ ਹੋ
www.tastycurryrestaurantandpizza.com
RESTAURANT HOURS
Mon to Wed: 11am to 10:00pm
Thurs to Sun: 11am to 12:00am
Karan Sidhu
Ph:1-425-374-7227
A12-520,128th St SW Everett-WA 98204
Email:info@tastycurryrestaurantandpizza.com
ਰੌਇਲ ਬੈਂਕੁਇਟ & ਕਾਨਫਰੰਸ ਹਾਲ ਬੁੱਕ ਕਰਨ ਲਈ ਫੋਨ ਕਰੋ
ਕਰਨ ਸਿੱਧੂ:425-956-4356



ROYAL BANQUET & CONFERENCE HALL
Distinctive Lighting, Music, Dance Floor & Seating Arrangements
Elegant • Exquisite • Classic
Enough Parking / Security Guards
Dressing Room / Photo Studio
Limousine Ride (To & From Party)
Hotel Arrangements for Overnight Guests
Tent & Chairs for House Events.
Capacity 100 to 650
Discount for small parties





For Birthday, Wedding, Reception, Engagement, Anniversary, Ladies Sangeet, Graduation, Fund Raising, Training, Seminars, Corporate Events, Concerts, Shows, Festivals or any other events
ਜਨਮਦਿਨ, ਮੰਗਣੀ, ਵਿਆਹ, ਰਿਸੈਪਸ਼ਨ, ਲੇਡੀਜ਼ ਸੰਗੀਤ, ਜਾਗੋ, ਸੈਮੀਨਾਰ ਅਤੇ ਹੋਣ ਕਿਸੇ ਵੀ ਤਰਾਂ ਦੀ ਪਾਰਟੀ ਵਾਸਤੇ ਸਿਆਟਲ ਦਾ ਸਭ ਤੋਂ ਆਲੀਸ਼ਾਨ ਪਾਰਟੀ ਹਾਲ ਅੱਜ ਹੀ ਬੁੱਕ ਕਰਾਓ।
We also provide food for Catering at Hall
For Bookings, Contact:
Karan Sidhu
425-956-4356
info@royalbanquetandconferencehall.com
520 - 128th St. SW Everett, WA 98204




Largest Indian & Asian Grocery Store
ਵਾਹ !!! ਫਰੂਟੀਕਾਨਾ ਦਾ ਖਾਣਾ !!!!!!
Apna frooticana
25414 104th Ave SE Kent WA 98030
Ph : (253) 277-1497
ਤੁਸੀ ਇਥੋਂ ਭਾਰਤੀ ਗਰੌਸਰੀ, ਤਾਜਾ ਸਬਜੀਆਂ ਅਤੇ ਫਲ ਫਰੂਟ ਸਸਤੇ ਭਾਅ ਤੇ ਖਰੀਦ ਸਕਦੇ ਹੋ





ASSORTED LIQUORS All Indian Brands Liquor & Beer


Ria Worldwide MONEY TRANSFER
30 ਮਿੰਟਾਂ ਵਿਚ ਵਰਲਡ ਵਾਈਡ ਵਧੀਆ ਰੇਟਾਂ 'ਤੇ ਪੈਸੇ ਭੇਜਣ ਜਾਂ ਪੈਸੇ ਮੰਗਵਾਉਣ ਲਈ ਅੱਜ ਹੀ ਫੋਨ ਕਰੋ



HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516




JAG'S PIZZA
ਇੰਡੀਅਨ ਸਟਾਈਲ ਪੀਜਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM



Ready to grow your business?
Count on us for solutions.
Gifty Singh
Bellevue
400 112th Ave NE
206-550-3145
BANNER BANK
bannerbank.com
Member FDIC



CASCADE Truck & RV Wash
Located next to Love Travel Center,
1-90 Exit 106, 1608 HWY 97 Ellensburg.WA
ਅਸੀਂ ਯੋਕੋਹਾਮਾ, ਮਿਚਲਨ, ਫਾਇਰ ਸਟੋਨ ਅਤੇ ਜੇ.ਕੇ. ਟਾਇਰ ਦੇ ਸਭ ਤੋਂ ਵੱਡੇ ਹੋਲਸੇਲਰ ਹਾਂ


JK Tire BEST PRICE
ਜਸਬੀਰ ਸਿੰਘ ਰੀਹਲ 206-235-2168
ਕੁਲਬੀਰ ਸਿੰਘ ਰੀਹਲ 206-245-0114
Ph: 509.925.9273





PUNJAB GROCERY
5108-EVERGREEN WAY SUITE 1B, EVERETT, WA 98203
Bussiness Hours: Mon to Sat 10 a.m to 9 p.m Sun 10am-8pm
ਤਾਜੀਆਂ ਸਬਜੀਆਂ, ਫਲ ਫਰੂਟ ਅਤੇ ਭਾਰਤੀ ਗਰੌਸਰੀ ਦਾ ਸਟੋਰ
ਤੁਸੀਂ ਇਥੋਂ ਤਾਜਾ ਮਠਿਆਈਆਂ ਵੀ ਲੈ ਸਕਦੇ ਹੋ





ਇਥੋਂ Organic ਦਾਲਾਂ ਤੇ ਮਸਾਲੇ ਖਰੀਦੋ
$5 Off every $150 Purchase
Online ਗਰੌਸਰੀ ਸ਼ਾਪਿੰਗ ਲਈ www.punjabgrocerymarket.com ਤੇ ਜਾਉ
ਅਸੀਂ Same Day ਡਿਲਿਵਰੀ ਕਰਦੇ ਹਾਂ
instagram@punjabgrocerymarket
Facebook@punjabgrocerymarket
PH:425-970-0097
ਅਸੀਂ ਡੈਬਟ, ਕਰੈਡਿਟ, ਮਾਸਟਰ, ਈ ਬੀ ਟੀ ਕਾਰਡ ਅਤੇ ਫੂਡ ਸਟੈਂਪਸ ਵੀ ਲੈਂਦੇ ਹਾਂ
We acccept All Major Debit, Cr, EBT Card & Food Stamps



SPICE BLISS INDIAN RESTAURANT
Modern & Traditional Indian Dishes
Catering Available for all events
Delivery Partners:Order Delivery with Grubhub, Doordash, Uber Eats, Postmates
2 Locations Serves You
Seattle location: 1520 Broadway, Seattle, WA Ph:206-258-4135 206-353-1699 Open 7 Days a Week 11am-3am
Kent location: 23609 104th Ave SE Suite 102, Kent, WA Ph:253-246-7296 Open 7 Days a Week 11am-10pm





Head Chef Makhan Singh Nagra with 30+ years of experience
ਹੁਣ ਅਸੀਂ ਤੁਹਾਡੇ ਘਰ ਆ ਕੇ ਕੇਟਰਿੰਗ ਕਰਦੇ ਹਾਂ
ਘਰੇ ਤੰਦੂਰ ਲਾ ਕੇ ਤਾਜੇ ਨਾਨ ਖਾਣ ਲਈ ਸੰਪਰਕ ਕਰੋ
ਨਵਜੀਤ ਸਿੰਘ:206-422-6025 ਜਾਂ ਜਸਵਿੰਦਰ ਸਿੰਘ:510-458-8872
www.seattlespicebliss.com Instagram: @spiceblissseattlekent